# ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

## ਐਪੀਸੋਡ ੪: ਪੱਛਮੀ ਸੂਰਯ ਉਦਯ (ਪੱਛਮ ਵਿੱਚ ਫੁੱਟੀ ਪਹੁ)

'ਪੱਛਮੀ ਸੂਰਯ ਉਦਯ', 'ਪੱਛਮ ਵਿੱਚ ਫੁੱਟੀ ਪਹੁ', ਹਕੀਕੀ ਸਾਹਿਬ ਨਜ਼ਰ ਜਿਨ੍ਹਾਂ ਨੇ ਅਗਿਆਨਤਾ ਦੀ ਡੂੰਘੀ ਨੀਂਦ ਵਿੱਚੋਂ ਮਨੁੱਖੀ ਮਨ ਨੂੰ ਜਗਾਉਣ ਦੀ ਮਿਸਾਲ ਪੈਦਾ ਕੀਤੀ। ਗੁਰੂ ਨਾਨਕ 'ਉੱਤਰਕੌਸ਼ਲ' ਵਿੱਚ ਤਰਕ ਬੁੱਧੀ ਨੂੰ ਸੱਦ ਮਾਰਦੇ ਹਨ।

ਪੜਿਆ ਬੂਝੈ ਸੋ ਪਰਵਾਣੁ॥
ਜਿਸੁ ਸਿਰਿ ਦਰਗਹ ਕਾ ਨੀਸਾਣੁ॥
(ਰਾਗੁ ਧਨਾਸਰੀ, ਗੁਰੂ ਨਾਨਕ)

ਜੋ ਪੜ੍ਹ ਕੇ ਬੁੱਝ ਲੈਂਦੇ ਹਨ ਉਹ ਗੁਣਵਾਨ ਹਨ।
ਉਨ੍ਹਾਂ ਦੇ ਸਿਰ ਉੱਤੇ ਸਰਵਉੱਚ ਵਿਵੇਕ ਦਾ ਨਿਸ਼ਾਨ ਹੋਂਦਾ ਹੈ।
(ਰਾਗ ਧਨਾਸਰੀ, ਗੁਰੂ ਨਾਨਕ)

ਕਾਬਲੀਅਤ ਹਾਸਿਲ ਕਰਨਾ ਕਿਸੇ ਇਲਮੀ ਧਾਰਨਾ ਅਤੇ ਉਸ ਦੇ ਹਕੀਕੀ ਪੱਖ ਨੂੰ ਸਮਝਣਾ ਹੈ। ਗੁਰੂ ਨਾਨਕ ਦੀਆਂ ਉਦਾਸੀਆਂ ਵਿੱਚ ਇਹ ਦੋਵੇਂ ਪੱਖ ਗੁੰਨੇ ਪਏ ਹਨ ਅਤੇ ਇਹ ਗਿਆਨ ਹਾਸਿਲ ਕਰਨ ਲਈ ਲੋੜੀਂਦੀਆਂ ਮੁੱਲਵਾਨ ਸੇਧਾਂ ਦਾ ਭੰਡਾਰਾ ਹੈ।

ਸਿੰਧੂ ਪੱਟੀ ਵਿੱਚ ਪੰਜਾਬ ਪੰਜ ਦਰਿਆਵਾਂ ਦੀ ਧਰਤੀ ਹੈ ਜਿੱਥੇ ਸੱਭਿਆਚਾਰ ਦੀ ਵੰਨ-ਸਵੰਨਤਾ ਦਾ ਮਿਲਗੋਭਾ ਸੀਧਾ ਰਿੱਝਿਆ ਹੈ, ਜਿੱਥੇ ਗੰਗਾ-ਜਮੁਨੀ ਦੀ ਹਿੰਦੂ ਅਤੇ ਕੇਂਦਰੀ ਏਸ਼ੀਆ ਦੀ ਇਸਲਾਮੀ ਤਹਿਜ਼ੀਬ ਨੇ ਰਲ਼ ਕੇ ਸੱਭਿਆਚਾਰਕ ਤਾਣਾ ਤਣਿਆ ਹੈ।

ਗੁਰੂ ਨਾਨਕ ਨੇ ਪਾਕਪਟਨ ਤੋਂ ਸਿੰਧੂ ਦਾ ਇਲਾਕਾ ਛੱਡ ਕੇ ਪੂਰਬ ਵਾਲੇ ਪਾਸੇ ਗੰਗਾ ਦੇ ਇਲਾਕੇ ਨੂੰ ਚਾਲੇ ਪਾਏ। ਉਹ ਸਤਿਲੁਜ ਪਾਰ ਕਰਦੇ ਹੋਏ ਸਿਰਸਾ, ਕਾਰਾਹ, ਪਿਹੋਵਾ ਅਤੇ ਕੁਰਕਸ਼ੇਤਰ ਰਾਹੀਂ ਹਰਿਦਵਾਰ ਪਹੁੰਚੇ। ਉਹ ਸਭ ਤੋਂ ਪਹਿਲਾਂ ਸਿਰਸਾ ਗਏ।

ਮੌਜੂਦਾ ਦੌਰ ਵਿੱਚ ਸਿਆਸੀ ਕਾਰਨਾਂ ਕਰ ਕੇ ਇੰਡੀਆ-ਪਾਕਿਸਤਾਨ ਦੀ ਸਰਹੱਦ ਕੁਝ ਤਹਿ ਨਾਕਿਆਂ ਤੋਂ ਹੀ ਪਾਰ ਕੀਤੀ ਜਾ ਸਕਦੀ ਹੈ। ਇਸ ਲਈ ਅਸੀਂ ਵਾਹਗਾ ਨਾਕੇ ਤੋਂ ਇੰਡੀਆ ਜਾ ਰਹੇ ਹਾਂ ਅਤੇ ਸਿਰਸਾ ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣਾ ਸਫ਼ਰ ਅੱਗੇ ਤੋਰਾਂਗੇ।

ਥਾਰ ਮਾਰੂਥਲ ਦੀ ਬੰਨੀ ਉੱਤੇ ਵੱਸਿਆ ਇਤਿਹਾਸਕ ਸ਼ਹਿਰ ਸਿਰਸਾ ਤੀਜੀ ਸਦੀ ਵਿੱਚ ਸਾਰਸ ਨਾਮ ਦੇ ਰਾਜੇ ਨੇ ਵਸਾਇਆ ਸੀ।

ਅਸੀਂ ਗੁਰੂ ਨਾਨਕ ਦੇ ਸਿਰਸਾ ਵਿੱਚ ਆਉਣ ਦੀ ਯਾਦ ਵਿੱਚ ਬਣੇ ਗੁਰਦੁਵਾਰਾ ਸ਼੍ਰੀ ਚਿਲ੍ਹਾ ਸਾਹਿਬ ਆਏ ਹਾਂ।

ਇਸ ਅਸਥਾਨ ਦੇ ਸੀਨਾ-ਬ-ਸੀਨਾ ਚਲਦੇ ਆ ਰਹੇ ਇਤਿਹਾਸ ਦਾ ਪਹਿਲੀਆਂ 'ਜਨਮਸਾਖੀਆਂ' ਵਿੱਚ ਜ਼ਿਕਰ ਨਹੀਂ ਮਿਲਦਾ। ਸੀਨਾ-ਬ-ਸੀਨਾ ਇਤਿਹਾਸ ਮੁਤਾਬਕ ਗੁਰੂ ਨਾਨਕ ਫ਼ਕੀਰਾਂ ਦੇ ਮੁਕਾਮੀ ਜਲਸੇ ਵਿੱਚ ਗਏ ਸਨ। ਗੁਰੂ ਨਾਨਕ ਦਾ ਲਿਬਾਸ ਉਨ੍ਹਾਂ ਦੀ ਮੁਸਲਮਾਨ ਜਾਂ ਹਿੰਦੂ ਵਜੋਂ ਸ਼ਨਾਖ਼ਤ ਨਹੀਂ ਕਰਦਾ ਸੀ। ਉਲਝਣ ਵਿੱਚ ਫਸੇ ਫ਼ਕੀਰਾਂ ਨੇ ਉਨ੍ਹਾਂ ਦੇ ਮਜ਼ਹਬ ਬਾਰੇ ਸੁਆਲ ਕੀਤਾ ਤਾਂ ਗੁਰੂ ਨਾਨਕ ਨੇ ਮੁਸਕਰਾ ਕੇ ਜੁਆਬ ਦਿੱਤਾ ਜੇ ਉਨ੍ਹਾਂ ਦੀ ਸ਼ਨਾਖ਼ਤ ਮਨੁੱਖ ਵਜੋਂ ਉਭਰਦੀ ਹੈ ਤਾਂ ਮਜ਼ਹਬ, ਜਾਤ ਅਤੇ ਨਸਲ ਦੀ ਬੁਨਿਆਦ ਉੱਤੇ ਹੁੰਦੇ ਵਿਤਕਰੇ ਖ਼ਤਮ ਹੋ ਸਕਦੇ ਹਨ।

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥
(ਰਾਗ ਆਸਾ, ਗੁਰੂ ਨਾਨਕ)

ਅੰਦਰਲੀ ਜੋਤ ਪਛਾਣੋ ਅਤੇ ਅੰਸ਼-ਵੰਸ਼ ਬਾਰੇ ਨਾ ਪੁੱਛੋ। ਰੂਹਾਨੀਅਤ ਵਿੱਚ ਨਾਬਰਾਬਰੀ ਨਹੀਂ ਹੁੰਦੀ।
(ਰਾਗ ਆਸਾ, ਗੁਰੂ ਨਾਨਕ)

ਗੁਰੂ ਨਾਨਕ ਨੂੰ ਹਰ ਜੀਅ ਵਿੱਚ ਕਾਇਨਾਤੀ ਜੋਤ ਦਾ ਵਾਸਾ ਦਿਖਾਈ ਦਿੱਤਾ। ਜਦੋਂ ਇਸ ਜੋਤ ਦਾ ਪ੍ਰਕਾਸ਼ ਹੁੰਦਾ ਹੈ ਤਾਂ ਮਨੁੱਖ ਦੇ ਅੰਦਰ ਧਰਮ ਰੌਸ਼ਨ ਹੁੰਦਾ ਹੈ ਜਿਸ ਦੀ ਲੋਅ ਵਿੱਚ ਤੇਰੇ, ਮੇਰੇ ਅਤੇ ਕਾਦਰ ਵਿਚਲਾ ਫ਼ਾਸਲਾ ਮਿੱਟ ਜਾਂਦਾ ਹੈ।

ਸਿਰਸਾ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਕਾਰਾਹ ਪਿੰਡ ਨੂੰ ਚਾਲੇ ਪਾ ਦਿੱਤੇ ਜੋ ਪਿਹੋਵਾ ਕਸਬੇ ਦੇ ਬਾਹਰ ਵਾਰ ਹੈ।

ਅਸੀਂ ਗੁਰੂ ਨਾਨਕ ਦੇ ਕਾਰਾਹ ਆਉਣ ਦੀ ਯਾਦ ਵਿੱਚ ਬਣੇ ਇਤਿਹਾਸਕ ਗੁਰਦਵਾਰੇ ਆਏ ਹਾਂ ਜੋ ਕੈਥਲ ਰਿਆਸਤ ਦੇ ਰਾਜਾ ਉਦੇ ਸਿੰਘ ਨੇ ਬਣਵਾਇਆ ਸੀ।

ਗੁਰਦਵਾਰੇ ਦੀ ਸਿੱਲ ਉੱਤੇ ਦਿਲਚਸਪ ਕਥਾ ਉਕਰੀ ਹੈ ਕਿ ਕਿਸੇ ਮੁਕਾਮੀ ਪੰਡਿਤ ਦਾ ਹੰਕਾਰ ਤੋੜਨ ਵਾਸਤੇ ਉਸ ਨਾਲ ਵਿਖਿਆਨ ਕਰਨ ਲਈ ਗੁਰੂ ਨਾਨਕ ਨੇ ਮੁਰਦਾ ਊਠ ਨੂੰ ਜਿਊਂਦਾ ਕਰ ਲਿਆ ਸੀ। ਇਹ ਕਥਾ ਦਾ ਹਵਾਲਾ ਪਹਿਲੀਆਂ 'ਜਨਮਸਾਖੀਆਂ' ਵਿੱਚ ਨਹੀਂ ਮਿਲਦਾ।

ਜੋ ਉਸਾਰੇ ਸੋ ਢਾਹਸੀ ਤਿਸੁ ਬਿਨੁ ਅਵਰੁ ਨ ਕੋਇ॥
(ਰਾਗ ਰਾਮਕਲੀ, ਗੁਰੂ ਨਾਨਕ)

ਹਾਜ਼ਰਾ-ਹਜ਼ੂਰ ਨੇ ਸਭ ਕੁਝ ਸਿਰਜਿਆ ਹੈ ਤਾਂ ਉਹ ਤਬਾਹ ਵੀ ਕਰਦਾ ਹੈ।
ਉਸ ਤੋਂ ਬਿਨਾਂ ਦੂਜਾ ਕੋਈ ਨਹੀਂ ਹੈ।

(ਰਾਗ ਰਾਮਕਲੀ, ਗੁਰੂ ਨਾਨਕ)

ਜੋ ਤਾਮੀਰ ਕਰਦਾ ਹੈ, ਉਹ ਢਾਹੁੰਦਾ ਵੀ ਹੈ। ਇਸੇ ਤਰ੍ਹਾਂ ਜੇ ਹਉਮੈਂ ਵਾਲਾ ਜੀਅ ਉਪਰਾਲਾ ਕਰੇ ਤਾਂ ਹਉਮੈ ਤੋਂ ਛੁਟਕਾਰਾ ਵੀ ਪਾ ਸਕਦਾ ਹੈ।

ਮੈਂ ਸਮਝਦਾ ਹਾਂ ਕਿ ਗੱਲਬਾਤ ਰਾਹੀਂ ਗੁਰੂ ਨਾਨਕ ਨੇ ਪੰਡਿਤ ਦੀ ਖ਼ੁਦਾਈ ਮੁੜਬਹਾਲ ਕਰ ਦਿੱਤੀ ਹੋਵੇਗੀ। ਇਹ ਵੀ ਹੋ ਸਕਦਾ ਹੈ ਕਿ ਮੁਕਾਮੀ ਰੀਤ ਵਿੱਚ ਦਰਜ ਹੋਇਆ ਮੁਰਦਾ ਉਠ ਬਿੰਬ ਵਜੋਂ ਪੰਡਿਤ ਦੀ ਚੇਤਨਾ ਦਾ ਲਖਾਇਕ ਹੋਵੇ ਜਿਸ ਨੂੰ ਉਸ ਦੀ ਹਉਮੈਂ ਕਾਰਨ ਹੋਈ ਮੌਤ ਤੋਂ ਜਿਉਂਦਾ ਕੀਤਾ ਗਿਆ ਹੋਵੇ।

ਕਾਰਾਹ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਪਿਹੋਵਾ ਦੀ ਯਾਤਰਾ ਕੀਤੀ ਜੋ ਮਹਾਂਭਾਰਤ ਦੀ ਲੜਾਈ ਵਿੱਚ ਦਰਜ ਹੋਇਆ ਪੁਰਾਤਨ ਕਸਬਾ ਹੈ।

ਅਸੀਂ ਹੁਣ ਹਿੰਦੂ ਧਰਮ ਦੇ ਮਜ਼ਹਬੀ ਅਸਥਾਨ 'ਸੰਨਿਹਿਤ ਸਰੋਵਰ' ਵਿਖੇ ਜਾ ਰਹੇ ਹਾਂ। ਮੰਨਿਆ ਜਾਂਦਾ ਹੈ ਕਿ ਹੁਣ ਅਲੋਪ ਹੋ ਚੁੱਕੀ ਸਰਸਵਤੀ ਨਦੀ ਇਸ ਇਲਾਕੇ ਵਿੱਚ ਵਹਿੰਦੀ ਸੀ ਅਤੇ ਇਸ ਸਰੋਵਰ ਵਿੱਚ ਸਰਸਵਤੀ ਦਾ ਪਵਿੱਤਰ ਪਾਣੀ ਹੈ।

**ਅਮਰਦੀਪ ਸਿੰਘ:** ਹਿੰਦੂ ਧਰਮ ਦੇ ਪੁਰਾਤਨ ਗ੍ਰੰਥਾਂ ਵਿੱਚ ਪਿਹੋਵਾ ਦਾ ਜ਼ਿਕਰ ਮਜ਼ਹਬੀ ਅਹਿਮੀਅਤ ਦੇ ਹਵਾਲੇ ਨਾਲ ਆਉਂਦਾ ਹੈ।

'ਸੰਨਿਹਿਤ ਸਰੋਵਰ' ਵਿੱਚ ਇਸ਼ਨਾਨ ਕਰਨ ਲਈ ਲੋਕ ਪਿਹੋਵਾ ਆਉਂਦੇ ਹਨ ਅਤੇ ਮੰਨਿਆ ਜਾਂਦਾ ਹੈ ਕਿ ਪਵਿੱਤਰ ਪਾਣੀ ਨਾਲ ਵਿਛੜੀਆਂ ਰੂਹਾਂ ਨੂੰ ਚੈਨ ਮਿਲਦਾ ਹੈ, ਪਾਪ ਧੋਤੇ ਜਾਂਦੇ ਹਨ ਅਤੇ ਸਿਰਜਣਹਾਰ ਪ੍ਰਸੰਨ ਹੁੰਦਾ ਹੈ। ਵਿਛੜੇ ਜੀਅ ਦੀ ਮੁਕਤੀ ਲਈ ਕੀਤੇ ਜਾਂਦੇ ਇਸ ਕਰਮ-ਕਾਂਡ ਨੂੰ 'ਪਿੰਡ ਦਾਨ' ਕਹਿੰਦੇ ਹਨ। ਚੌਲਾਂ ਅਤੇ ਕਣਕ ਦੇ ਆਟੇ, ਸੁੱਕੇ ਦੁੱਧ, ਸ਼ਹਿਦ, ਅਤੇ ਤਿਲਾਂ ਨਾਲ 'ਪਿੰਡ' ਉਰਫ਼ ਪੇੜੇ ਬਣਦੇ ਹਨ ਜਿਨ੍ਹਾਂ ਦੀ ਵਰਤੋਂ ਪਾਂਡੇ ਪੂਜਾ ਲਈ ਕਰਦੇ ਹਨ ਅਤੇ 'ਦਾਨ' ਵਜੋਂ ਦਕਸ਼ਿਣਾ ਦੀ ਤਵੱਕੋ ਕਰਦੇ ਹਨ।

ਗੁਰੂ ਨਾਨਕ ਨੇ ਮੁਕਤੀ ਦੇ ਵਾਅਦੇ ਨਾਲ ਪਾਂਡਿਆਂ ਰਾਹੀਂ ਗੁੰਮਰਾਹ ਕੀਤੇ ਜਾ ਰਹੇ ਮਾਸੂਮ ਲੋਕਾਂ ਦੀ ਹਾਲਤ ਦੇਖ ਕੇ ਹਿਕਾਰਤ ਨਾਲ ਗਾਇਆ,

ਕੂੜੁ ਬੋਲਿ ਮੁਰਦਾਰੁ ਖਾਇ॥
ਅਵਰੀ ਨੋ ਸਮਝਾਵਣਿ ਜਾਇ॥
ਮੁਠਾ ਆਪਿ ਮੁਹਾਏ ਸਾਥੈ॥
ਨਾਨਕ ਐਸਾ ਆਗੂ ਜਾਪੈ॥
(ਰਾਗ ਮਾਝ, ਗੁਰੂ ਨਾਨਕ)

ਕੂੜ ਬੋਲਣਾ ਮੁਰਦਾਰ ਖਾਣ ਦੇ ਤੁੱਲ ਹੈ ਪਰ ਇਸ ਦੇ ਬਾਵਜੂਦ

ਫ਼ਰੇਬੀ ਮਨੁਖ ਉਪਦੇਸ਼ ਦਿੰਦਾ ਰਹਿੰਦਾ ਹੈ।
ਜੋ ਫ਼ਰੇਬ ਦਾ ਸ਼ਿਕਾਰ ਹੋਇਆ ਹੈ ਉਹ ਦੂਜਿਆਂ ਨਾਲ ਫ਼ਰੇਬ ਹੀ ਕਰ ਸਕਦਾ ਹੈ।
ਨਾਨਕ ਨੇ ਆਖਿਆ ਕਿ ਮੰਦੇਭਾਗੀਂ ਅਜਿਹੇ ਬੰਦੇ ਆਗੂ ਬਣੇ ਹੋਏ ਹਨ।
(ਰਾਗ ਮਾਝ, ਗੁਰੂ ਨਾਨਕ)

ਰੂਹਾਨੀ, ਸਮਾਜਿਕ ਅਤੇ ਸਿਆਸੀ ਮਸਲੇ ਸਮਾਜ ਉੱਤੇ ਅਸਰਅੰਦਾਜ਼ ਹੁੰਦੇ ਹਨ। ਜੇ ਚੰਗਿਆਈ ਨੂੰ ਪ੍ਰਣਾਇਆ ਕੋਈ ਸਤਿਕਾਰਯੋਗ ਆਗੂ ਇਲਾਹੀ ਗੁਣਾਂ ਵਾਲਾ ਹੋਵੇ ਤਾਂ ਸਮਾਜ ਦੀ ਤਰੱਕੀ ਹੁੰਦੀ ਹੈ। ਦੂਜੇ ਪਾਸੇ ਕੁਰਾਹੇ ਪਾਉਣ ਵਾਲਾ ਆਗੂ ਪੜਚੋਲੀਆ ਸੋਚ ਦਾ ਰਾਹ ਰੋਕਦਾ ਹੈ, ਮਾਸੂਮਾਂ ਨੂੰ ਗੁੰਮਰਾਹ ਕਰਦਾ ਹੈ ਅਤੇ ਇਸ ਨਾਲ ਸਮਾਜਿਕ ਅਤੇ ਸਿਆਸੀ ਬੇਚੈਨੀ ਪੈਦਾ ਕਰਦਾ ਹੈ। ਗੁਰੂ ਨਾਨਕ ਦਲੀਲਮੰਦੀ ਵਾਲੀ ਸੋਚ ਦੀ ਜੋਤ ਜਗਾਉਣ ਅਤੇ ਹੋਛੇ ਕੱਟੜਪੰਥੀ ਕਰਮ-ਕਾਂਡ ਅਤੇ ਪਖੰਡੀ ਆਗੂਆਂ ਨੂੰ ਬੇਪਰਦ ਕਰਨ ਵਿੱਚ ਲਗਾਤਾਰ ਲੱਗੇ ਰਹਿੰਦੇ ਹਨ।

ਕਿਸੇ ਮਜ਼ਹਬੀ ਕਰਾਰ ਦਿੱਤੇ ਗਏ ਅਸਥਾਨ ਉੱਤੇ ਧਰਮ ਦੇ ਨਾਮ ਉੱਤੇ ਕਰਮ-ਕਾਂਡ ਲਈ ਆਉਂਦੇ ਜ਼ਿਆਰਤੀਆਂ ਨੂੰ ਦੇਖ ਕੇ ਮੈਂ ਹੈਰਾਨ ਹੁੰਦਾ ਹਾਂ ਕਿ ਕੀ ਮੁਕਤੀ ਦਾ ਰਾਹ ਇੰਨਾ ਹੀ ਸੁਖਾਲਾ ਹੈ?

ਅਲਖ ਅਪਾਰ ਅਪਾਰੁ ਸਾਚਾ ਆਪੁ ਮਾਰਿ ਮਿਲਾਈਐ॥
ਹਉਮੈ ਮਮਤਾ ਲੋਭੁ ਜਾਲਹੁ ਸਬਦਿ ਮੈਲੁ ਚੁਕਾਈਐ॥
(ਰਾਗ ਬਿਲਾਵਲ, ਗੁਰੂ ਨਾਨਕ)

ਅਕਹਿ, ਅਨੰਤ ਅਤੇ ਅਪਾਰ ਸੱਚ
ਆਪਾ ਗੁਆ ਕੇ ਹੀ ਸਮਝਿਆ ਜਾ ਸਕਦਾ ਹੈ।
ਜਦੋਂ ਹਉਮੈਂ, ਮੋਹ ਅਤੇ ਲਾਲਚ ਦੇ ਬੰਧਨ ਖ਼ਾਕ ਹੁੰਦੇ ਹਨ
ਤਾਂ ਵਿਵੇਕ ਨਾਲ ਮੈਲ ਲੱਥ ਜਾਂਦੀ ਹੈ।
(ਰਾਗ ਬਿਲਾਵਲ, ਗੁਰੂ ਨਾਨਕ)

ਜੋ ਆਪਣੇ ਅਵਗੁਣਾਂ ਨੂੰ ਪਾਰ ਪਾਉਂਦੇ ਹਨ ਉਨ੍ਹਾਂ ਨੂੰ ਖ਼ੁਦਾਈ ਨਸੀਬ ਹੁੰਦੀ ਹੈ।

ਪਿਹੋਵਾ ਵਿੱਚ ਗੁਰੂ ਨਾਨਕ ਦੀ ਆਮਦ ਦੀ ਯਾਦ ਵਿੱਚ 'ਸੰਨਿਹਿਤ ਸਰੋਵਰ' ਦੇ ਕੰਢੇ ਗੁਰਦੁਵਾਰਾ ਸ਼ੀਸ਼ ਮਹਿਲ ਬਣਿਆ ਹੈ।

'ਸੰਨਿਹਿਤ ਸਰੋਵਰ' ਤੋਂ ਕੁਝ ਫ਼ਾਸਲੇ ਨਾਲ ਗੁਰਦਵਾਰਾ ਬਾਉਲੀ ਸਾਹਿਬ ਹੈ ਜੋ ਗੁਰੂ ਨਾਨਕ ਦੇ ਪਿਹੋਵਾ ਆਉਣ ਦੀ ਯਾਦ ਵਿੱਚ ਬਣਿਆ ਹੈ। ਇਹ ਗੁਰਦਵਾਰਾ ਕੈਥਲ ਦੇ ਰਾਜਾ ਉਦੇ ਸਿੰਘ ਨੇ ਬਣਵਾਇਆ ਸੀ।

**ਬਾਬਾ ਜਸਬੀਰ ਸਿੰਘ:** ਇਸ ਤੀਰਥ ਨੂੰ ਸਰਸਵਤੀ ਘਾਟ ਕਿਹਾ ਜਾਂਦਾ ਹੈ। ਹਿੰਦੁਸਤਾਨ ਵਿੱਚ ਤਿੰਨ ਦਰਿਆਵਾਂ ਨੂੰ ਪਵਿੱਤਰ ਮੰਨਿਆ ਜਾਂਦਾ ਹੈ – ਗੰਗਾ, ਜਮੁਨਾ, ਸਰਸਵਤੀ। ਸਰਸਵਤੀ ਆਪਣੀ ਹੋਂਦ ਗਵਾ ਚੁੱਕਿਆ ਹੈ।
ਪਿਹੋਵੇ ਵਿੱਚ ਇਸ ਅਸਥਾਨ ਉੱਤੇ ਅੱਜ ਵੀ ਸਰਸਵਤੀ ਘਾਟ ਮੌਜੂਦ ਹੈ। ਇੱਥੋਂ ਦੇ ਲੋਕਾਂ ਨੇ ਇੱਕ ਵਹਿਮ ਪਾਇਆ ਹੋਇਆ ਸੀ ਕਿ ਜੇ ਇੱਥੇ ਦਾਨ ਕੀਤਾ ਜਾਵੇ ਤਾਂ ਉਹ ਸੈਂਕੜੇ ਗੁਣਾ ਵਧਦਾ ਹੈ। ਗੁਰੂ ਨਾਨਕ ਪਾਤਸ਼ਾਹ ਲੋਕਾਂ ਨੂੰ ਭਰਮ-ਭੁਲੇਖਿਆਂ ਤੋਂ ਦੂਰ ਕਰਨ ਲਈ ਇੱਥੇ ਆਏ। ਜਿਸ ਵੇਲੇ ਉਨ੍ਹਾਂ ਨੇ ਆਪਣਾ ਸ਼ਬਦ ਗਾਇਨ ਕੀਤਾ ਤਾਂ ਲੋਕ ਇਕੱਠੇ ਹੋਏ। ਉਹ ਜਿਸ ਥਾਂ ਬੈਠੇ ਸਨ, ਉੱਥੇ ਇੱਕ ਬਾਉਲੀ ਮੌਜੂਦ ਸੀ। ਸਮੇਂ ਨਾਲ ੧੯੪੭ ਦੀ ਵੰਡ ਹੋਈ। ਇਸ ਇਲਾਕੇ ਵਿੱਚ ਗੁੱਜਰਾਂਵਾਲਾ, ਸ਼ੇਖੂਪੁਰਾ ਦੇ ਲੋਕਾਂ ਨੂੰ ਜ਼ਮੀਨਾਂ ਅਲਾਟ ਹੋਈਆਂ। ਹੋਰ ਲੋਕਾਂ ਨਾਲ ਇੱਥੇ ਸਿੱਖਾਂ ਦੀ ਵੱਸੋਂ ਹੋਈ। ਉਨਾਂ ਨੂੰ ਗੁਰੂ ਨਾਨਕ ਸਾਹਿਬ ਦੀ ਜਗ੍ਹਾ ਬਾਰੇ ਸਥਾਨਕ ਲੋਕਾਂ ਤੋਂ ਪਤਾ ਲੱਗਿਆ ਤਾਂ ਉਹ ਇਕੱਠੇ ਹੋ ਕੇ ਆਏ ਅਤੇ ਸਫ਼ਾਈ ਕਰਨੀ ਸ਼ੁਰੂ ਕੀਤੀ। ਸੇਵਾ ਸੰਭਾਲ ਕਰਨੀ ਸ਼ੁਰੂ ਕਰ ਦਿੱਤੀ। ਗੁਰੂ ਨਾਨਕ ਪਾਤਸ਼ਾਹ ਦੇ ਅਸਥਾਨ ਉੱਤੇ ਇਹ ਗੁਰਦਵਾਰਾ ਪ੍ਰਗਟ ਹੋ ਗਿਆ।

ਸਾਨੂੰ ਸਾਰਿਆਂ ਨੂੰ ਵਿਵੇਕ ਦੀ ਖ਼ੁਸ਼ਬੂ ਦੀ ਬਖ਼ਸ਼ਿਸ਼ ਹੋਈ ਹੈ ਪਰ ਸਾਡੀ ਹਾਲਤ ਕਸਤੂਰੀ ਮਿਰਗ ਵਰਗੀ ਹੈ ਜੋ ਆਪਣੇ ਅੰਦਰਲੀ ਖ਼ੁਸ਼ਬੂ ਨੂੰ ਬਾਹਰ ਭਾਲਦਾ ਫਿਰਦਾ ਹੈ।

ਆਪਣਾ ਆਪੁ ਪਛਾਣਿਆ ਗੁਰਮਤੀ ਸਚਿ ਸਮਾਇਆ॥
(ਰਾਗ ਮਲਾਰ, ਗੁਰੂ ਨਾਨਕ)

ਜਦੋਂ ਮਨੁੱਖ ਵਿਵੇਕ ਰਾਹੀਂ ਆਪਣੀ ਪਛਾਣ ਕਰਦਾ ਹੈ ਤਾਂ ਸੱਚ ਨਾਲ ਇੱਕ-ਮਿੱਕ ਹੋ ਜਾਂਦਾ ਹੈ।
(ਰਾਗ ਮਲਾਰ, ਗੁਰੂ ਨਾਨਕ)

ਪਿਹੋਵਾ ਤੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ੩੦ ਕਿਲੋਮੀਟਰ ਪੂਰਬ ਵਾਲੇ ਪਾਸੇ ਨੂੰ ਕੁਰਕਸ਼ੇਤਰ ਦੇ ਚਾਲੇ ਪਾ ਦਿੱਤੇ।

ਅਸੀਂ ਹੁਣ ਇਤਿਹਾਸਕ ਸ਼ਹਿਰ ਕੁਰਕਸ਼ੇਤਰ ਜਾ ਰਹੇ ਹਾਂ।

**ਅਮਰਦੀਪ ਸਿੰਘ:** ਕੁਰਕਸ਼ੇਤਰ ਦੀ ਧਰਤੀ ਨੂੰ 'ਧਰਮ ਸ਼ੇਤਰ' ਵੀ ਕਿਹਾ ਜਾਂਦਾ ਹੈ ਜਿੱਥੇ ਮਹਾਂਭਾਰਤ ਦੀ ਲੜਾਈ ਦੌਰਾਨ ਭਗਵਾਨ ਕ੍ਰਿਸ਼ਨ ਨੇ ਮਨੁੱਖੀ ਇਖ਼ਲਾਕ ਬਾਰੇ 'ਗੀਤਾ ਉਪਦੇਸ਼' ਦਿੱਤਾ।

ਸੂਰਜ ਗ੍ਰਹਿਣ ਵਾਲੇ ਦਿਨ ਗੁਰੂ ਨਾਨਕ ਕੁਰਕਸ਼ੇਤਰ ਵਿੱਚ ਪਧਾਰੇ ਜਦੋਂ ਸੰਗਤ ਹੁੰਮ-ਹੁਮਾ ਕੇ ਸਰੋਵਰ ਉੱਤੇ ਪੁੱਜੀ ਹੋਈ ਸੀ।

ਪ੍ਰਚਲਿਤ ਮਨੌਤ ਮੁਤਾਬਕ ਸੂਰਜ ਗ੍ਰਹਿਣ ਵਾਲੇ ਦਿਨ ਰਾਹੂ ਅਤੇ ਕੇਤੂ ਦਾ ਮੇਲ ਹੁੰਦਾ ਹੈ ਜੋ ਕੁਸ਼ਗਨ ਹੁੰਦਾ ਹੈ। ਇਹ ਮੰਨਿਆ ਜਾਂਦਾ ਸੀ ਕਿ ਕੁਰਕਸ਼ੇਤਰ ਦੇ 'ਬ੍ਰਹਮ ਸਰੋਵਰ' ਵਿੱਚ ਇਸ਼ਨਾਨ ਕਰਨ ਵਾਲਾ ਪਾਂਡਿਆਂ ਨੂੰ ਦਾਨ-ਪੁੰਨ ਕਰ ਕੇ ਸੂਰਜ ਗ੍ਰਹਿਣ ਦੇ ਪ੍ਰਕੋਪ ਤੋਂ ਬਚ ਜਾਂਦਾ ਹੈ।

ਸੂਰਜ ਗ੍ਰਹਿਣ ਵਾਲੇ ਦਿਨ ਗੁਰੂ ਨਾਨਕ ਪਵਿੱਤਰ ਸਰੋਵਰ ਦੇ ਲਾਗੇ ਬੈਠ ਕੇ ਤੀਰਥ ਯਾਤਰੀਆਂ ਨੂੰ ਦੇਖ ਰਹੇ ਸਨ। ਸਰੋਵਰ ਦੇ ਲਾਗੇ ਹੀ ਕਿਸੇ ਰਿਆਸਤ ਦੇ ਮੁਹਤਬਰ ਨੇ ਕਿਆਮ ਕੀਤਾ ਸੀ, ਕੁਝ ਸਮਾਂ ਪਹਿਲਾਂ ਆਪਣੀ ਰਿਆਸਤ ਹਾਰਨ ਵਾਲੇ ਨੇ ਆਪ ਸ਼ਿਕਾਰ ਕੀਤਾ ਹਿਰਨ ਪਕਾਉਣਾ ਸ਼ੁਰੂ ਕਰ ਦਿੱਤਾ। ਮਜ਼ਹਬੀ ਨੇਮ ਮੁਤਾਬਕ ਸੂਰਜ ਗ੍ਰਹਿਣ ਵਾਲੇ ਦਿਨ ਮਾਸ ਖਾਣਾ ਕੁਰਹਿਤ ਮੰਨਿਆ ਜਾਂਦਾ ਸੀ। ਹਾਂਡੀ ਦੀ ਮਹਿਕ ਨਾਲ ਪੁਜਾਰੀ ਨੂੰ ਗੁੱਸਾ ਆ ਗਿਆ ਤਾਂ ਉਹ ਨਾਮੀ ਪੰਡਿਤ ਨਾਨੂ ਮੱਲ ਨਾਲ ਉਸ ਮੁਹਤਬਰ ਦੀ ਜੁਆਬਤਲਬੀ ਕਰਨ ਪਹੁੰਚ ਗਿਆ। ਗੁਰੂ ਨਾਨਕ ਨੇ ਆਪਣੇ ਨਿਰਾਲੇ ਅੰਦਾਜ਼ ਵਿੱਚ ਉਨ੍ਹਾਂ ਦੇ ਝਗੜੇ ਵਿੱਚ ਦਖ਼ਲਅੰਦਾਜ਼ੀ ਕੀਤੀ। ਉਨ੍ਹਾਂ ਨੇ ਸੰਗਤ ਨੂੰ ਸਲਾਹ ਦਿੱਤੀ ਕਿ ਉਨ੍ਹਾਂ ਨੂੰ ਸੁੱਚੇ ਵਿਹਾਰ ਦੇ ਤੀਰਾਂ ਨਾਲ ਭਟਕਦੇ ਮਨ ਦੇ ਵਿਗਾੜਾਂ ਦਾ ਸ਼ਿਕਾਰ ਕਰਨਾ ਚਾਹੀਦਾ ਹੈ ਅਤੇ ਹਉਮੈਂ ਦੇ ਬਾਲਣ ਉੱਤੇ ਧਿਆਨ ਦੀ ਹਾਂਡੀ ਵਿੱਚ ਉਨ੍ਹਾਂ ਨੂੰ ਪਕਾਉਣਾ ਚਾਹੀਦਾ ਹੈ।

ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ॥
(ਰਾਗ ਮਲਾਰ, ਗੁਰੂ ਨਾਨਕ)

ਮਾਸ ਖਾਣ ਦੇ ਇਖ਼ਲਾਕ ਬਾਰੇ ਮੂਰਖ ਲੜਦੇ ਹਨ।ਉਨ੍ਹਾਂ ਨੂੰ ਗਿਆਨ-ਧਿਆਨ ਦਾ ਰਾਹ ਭੁੱਲ ਗਿਆ ਹੈ।
ਮਾਸ ਕੀ ਹੈ ਅਤੇ ਬਨਸਪਤੀ ਕੀ ਹੈ? ਪਾਪ ਕਿਸ ਨੂੰ ਕਹਿੰਦੇ ਹਨ?
(ਰਾਗ ਮਲਾਰ, ਗੁਰੂ ਨਾਨਕ)

ਗੁਰੂ ਨਾਨਕ ਨੇ ਨਰਮਾਈ ਨਾਲ ਦਲੀਲ ਦਿੱਤੀ ਕਿ ਮਾਸ ਖਾਣ ਨਾਲ ਇਖ਼ਲਾਕ ਨੂੰ ਜੋੜਨਾ ਬੇਕਾਰ ਹੈ ਕਿਉਂਕਿ ਮਾਸ ਅਤੇ ਬਨਸਪਤੀ ਦੋਵੇਂ ਜੀਵਨ ਦੇ ਰੂਪ ਹਨ। ਉਨ੍ਹਾਂ ਨੇ ਇਸ਼ਾਰਾ ਕੀਤਾ ਕਿ ਮਜ਼ਹਬ ਦੇ ਮੁਹਾਫ਼ਿਜ਼ ਇੱਕ ਪਾਸੇ ਮਾਸ ਖਾਣ ਦੀ ਨੁਕਤਾਚੀਨੀ ਕਰਦੇ ਹਨ ਅਤੇ ਦੂਜੇ ਪਾਸੇ ਉਹ ਆਪ ਹੀ ਸਿਰਜਣਹਾਰ ਨੂੰ ਖ਼ੁਸ਼ ਕਰਨ ਲਈ ਕਰਮ-ਕਾਂਡ ਵਜੋਂ ਮਾਸ ਦੀ ਕੁਰਬਾਨੀ ਦਿੰਦੇ ਹਨ ਜਿਸ ਵਿੱਚ ਸਿਰਜਣਾ ਦਾ ਵਾਸ ਹੈ।

ਸਮਾਜਿਕ ਨਾਬਰਾਬਰੀ ਅਤੇ ਦੋਗਲੇਪਣ ਦੀ ਤਫ਼ਸੀਲ ਉਨ੍ਹਾਂ ਆਪਣੇ ਗਾਇਨ ਵਿੱਚ ਦਿੱਤੀ।

ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ॥
ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ॥
ਆਪਿ ਛੁਟੇ ਨਹ ਛੂਟੀਐ ਨਾਨਕ ਬਚਨਿ ਬਿਣਾਸੁ॥
(ਰਾਗ ਮਲਾਰ, ਗੁਰੂ ਨਾਨਕ)

ਮਾਸ ਹੀ ਮਾਸ ਪੈਦਾ ਕਰਦਾ ਹੈ ਅਤੇ ਮਾਸ ਰਾਹੀਂ ਹੀ ਸਭ ਰਿਸ਼ਤੇ ਬਣਦੇ ਹਨ।

ਗਿਆਨ ਹਾਸਿਲ ਕਰਨ ਨਾਲ ਕੁਦਰਤ ਦੇ ਨੇਮ ਦੀ ਸਮਝ ਪੈਂਦੀ ਹੈ ਜਿਸ ਨਾਲ ਇਨ੍ਹਾਂ ਨੇਮਾਂ ਨੂੰ ਮੰਨਣ ਦਾ ਰਾਹ ਖੁੱਲ੍ਹਦਾ ਹੈ।
ਜੇ ਮਨੁੱਖ ਆਪਣੇ-ਆਪ ਨਾਲ ਮੋਹ ਤੋਂ ਛੁਟਕਾਰਾ ਨਹੀਂ ਪਾਉਂਦਾ
ਨਾਨਕ ਨੇ ਫ਼ਰਮਾਇਆ ਕਿ ਤਾਂ ਬੰਦੇ ਦਾ ਗਿਆਨ ਬਿਨਸ ਜਾਂਦਾ ਹੈ।
(ਰਾਗ ਮਲਾਰ, ਗੁਰੂ ਨਾਨਕ)

ਮਨੁੱਖ ਪੂਰੀ ਸ਼ਿੱਦਤ ਨਾਲ ਇਨਕਾਰੀ ਹੋਣ ਵੇਲੇ ਇਹ ਭੁੱਲ ਜਾਂਦਾ ਹੈ ਕਿ ਅਸੀਂ ਸਾਰੇ ਮਾਸ ਦੇ ਬਣੇ ਹਾਂ, ਮਨੁੱਖ ਮਾਸ ਭੋਗਦਾ ਹੈ, ਮਾਸ ਜੰਮਦਾ ਹੈ ਅਤੇ ਮਾਸ ਦਾ ਹੀ ਬਣਿਆ ਹੈ ਜਿਸ ਦੇ ਅੰਦਰ ਹਾਜ਼ਰਾ-ਹਜ਼ੂਰ ਦਾ ਵਾਸਾ ਹੈ। ਇਸ ਦੇ ਬਾਵਜੂਦ ਹਉਮੈਂਵਾਦੀ ਮਨ ਅਣਜਾਣਪਣੇ ਵਿੱਚ ਫਸਿਆ ਰਹਿੰਦਾ ਹੈ, ਬੇਇਖ਼ਲਾਕੀ ਅਮਲ ਕਰਦਾ ਹੈ ਜਿਸ ਦੇ ਨਤੀਜੇ ਵਜੋਂ ਉਹ ਆਪਣੇ ਨਾਲ ਦੇ ਲੋਕਾਂ ਨਾਲ ਜਾਤ, ਮਜ਼ਹਬ, ਰੁਤਬੇ, ਰੰਗ, ਨਸਲ ਅਤੇ ਲਿੰਗ ਦੀ ਬੁਨਿਆਦ ਉੱਤੇ ਵਿਤਕਰਾ ਕਰਦਾ ਹੈ।

ਅਸੀਂ ਕੁਰਕਸ਼ੇਤਰ ਦੇ ਇਤਿਹਾਸਕ ਗੁਰਦਵਾਰੇ ਜਾ ਰਹੇ ਹਾਂ ਜੋ 'ਬ੍ਰਹਮ ਸਰੋਵਰ' ਦੇ ਲਾਗੇ ਹੀ ਹੈ।

**ਅਮਰਦੀਪ ਸਿੰਘ:** ਗੁਰਦਵਾਰਾ ਸਿੱਧ ਵੱਟੀ ਪਾਤਸ਼ਾਹੀ ਪਹਿਲੀ ਗੁਰੂ ਨਾਨਕ ਦੀ ਕੁਰਕਸ਼ੇਤਰ ਵਿੱਚ ਆਮਦ ਦੀ ਯਾਦ ਵਿੱਚ ਬਣਿਆ ਹੋਇਆ ਹੈ।

ਇਹ ਗੁਰਦਵਾਰਾ ੧੯ਵੀਂ ਸਦੀ ਦੇ ਸ਼ੁਰੂ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਇਆ ਸੀ ਅਤੇ ਹਾਲੀਆ ਹੀ ਇਸ ਦੀ ਨਵੇਂ ਸਿਰੇ ਤੋਂ ਉਸਾਰੀ ਕੀਤੀ ਗਈ ਹੈ।

ਕੁਰਕਸ਼ੇਤਰ ਤੋਂ ਵਿਦਾ ਹੋਣ ਵੇਲੇ ਮੈਂ ਖਗੋਲ ਵਿਗਿਆਨ ਅਤੇ ਰੂਹਾਨੀਅਤ ਬਾਰੇ ਸੋਚ ਰਿਹਾ ਹਾਂ ਕਿ ਸਿਰਜਣਾ ਦਾ ਸਮੁੱਚਾ ਪਸਾਰਾ ਇੱਕੋ ਝਰਨੇ ਵਿੱਚੋਂ ਫੁੱਟਦਾ ਹੈ, ਬਾਤਨ.) ਤੋਂ ਜ਼ਾਹਿਰ ਹੁੰਦਾ ਹੈ ਅਤੇ ਆਖ਼ਰ ਉਸੇ ਵਿੱਚ ਸਮਾ ਜਾਂਦਾ ਹੈ। ਕੀ ਇਸ ਦਾ ਮਾਅਨਾ ਇਹੋ ਹੈ ਕਿ ਸਿਰਜਣਾ ਅਤੇ ਸਿਰਜਣਹਾਰ ਇੱਕੋ ਹੈ? ਜਦੋਂ ਅਸੀਂ ਸਾਰੇ ਉਸੇ ਸਿਰਜਣਾ ਦਾ ਕਣ ਹਾਂ ਤਾਂ ਸਿਰਜਣਾ ਦੇ ਦੂਜੇ ਪੱਖਾਂ ਜਾਂ ਸਿਰਜਣਹਾਰ ਤੋਂ ਭੈਅ ਕਿਉਂ ਖਾਂਦੇ ਹਾਂ?

ਨਿਰਭਉ ਨਿਰੰਕਾਰੁ ਸਚੁ ਨਾਮੁ॥
ਜਾ ਕਾ ਕੀਆ ਸਗਲ ਜਹਾਨੁ॥
(ਰਾਗ ਆਸਾ, ਗੁਰੂ ਨਾਨਕ)

ਸੱਚ ਦੇ ਨਿਡਰ ਅਤੇ ਨਿਰੰਕਾਰ ਹੋਣ ਵਿੱਚ ਸਿਰਜਣਾ ਦੀ ਹਸਤੀ ਸਮਾਈ ਹੈ।
ਇਸੇ ਹਸਤੀ ਉੱਤੇ ਸਮੁੱਚੀ ਸਿਰਜਣਾ ਟਿਕੀ ਹੈ।
ਰ(ਾਗ ਆਸਾ, ਗੁਰੂ ਨਾਨਕ)

ਭੈਅ ਜ਼ਿੰਦਗੀ ਦੀ ਵੰਗਾਰ ਕਬੂਲ ਕਰਨ ਦੀ ਕਾਬਲੀਅਤ ਨੂੰ ਖੋਰਾ ਲਗਾਉਂਦਾ ਹੈ। ਕੁਝ ਗ਼ਲਤ ਕਰਨ ਦਾ ਭੈਅ ਹੀ ਸੱਚਾ ਹੈ। ਬਾਕੀ ਹਰ ਭੈਅ ਝੂਠਾ ਹੈ। ਗ੍ਰਹਿ, ਤਾਰੇ ਅਤੇ ਬ੍ਰਹਿਮੰਡ ਸਿਰਜਣਹਾਰੇ ਦੀ ਸਿਰਜਣਾ ਹੈ। ਇਹ ਕੋਈ ਨੁਕਸਾਨ ਨਹੀਂ ਕਰਦੇ। ਸਾਡੀਆਂ ਗ਼ਲਤ ਸੋਚਾਂ ਅਤੇ ਅਮਲ ਨੁਕਸਾਨ ਕਰਦੇ ਹਨ।

ਕੁਝ ਸਮਾਂ ਕੁਰਕਸ਼ੇਤਰ ਕਿਆਮ ਕਰਨ ਤੋਂ ਬਾਅਦ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਪੂਰਬ ਵਾਲੇ ਪਾਸੇ ਹਰਿਦਵਾਰ ਨੂੰ ਚਾਲੇ ਪਾ ਦਿੱਤੇ।

ਹੁਣ ਅਸੀਂ ਹਰਿਦਵਾਰ ਵਿੱਚ 'ਹਰਿ-ਕੀ-ਪਾਉੜੀ' ਜਾ ਰਹੇ ਹਾਂ।
ਹਰਿਦਵਾਰ ਵਿੱਚ ਗੰਗਾ ਦੇ ਕਿਨਾਰੇ ਨੂੰ 'ਹਰਿ-ਕੀ-ਪਾਉੜੀ' ਕਹਿੰਦੇ ਹਨ। ਪਵਿੱਤਰ ਗੰਗਾ ਵਿੱਚ ਚੁੱਭੀ ਲਗਾਉਣ ਲਈ ਲੋਕ ਸਦੀਆਂ ਤੋਂ ਹਰਿਦਵਾਰ ਆਉਂਦੇ ਹਨ।

**ਅਮਰਦੀਪ ਸਿੰਘ:** ਗੰਗਾ ਦੇ ਕਿਨਾਰੇ ਵਸਿਆ ਹਰਿਦਵਾਰ ਫ਼ੌਤ ਹੋ ਗਏ ਜੀਆਂ ਦੇ ਅੰਤਿਮ ਕਰਮ-ਕਾਂਡ ਦਾ ਅਸਥਾਨ ਹੈ।

ਗੁਰੂ ਨਾਨਕ ਵਿਸਾਖੀ ਦੇ ਤਿਉਹਾਰ ਵੇਲੇ ਹਰਿਦਵਾਰ ਪਧਾਰੇ ਜਦੋਂ ਤੀਰਥ ਯਾਤਰੀ ਹੁੰਮ-ਹੁਮਾ ਕੇ ਪੁੱਜੇ ਹੋਏ ਸਨ। ਪਹੁ-ਫੁਟਾਲੇ ਵੇਲੇ ਗੁਰੂ ਨਾਨਕ ਨੇ ਦੇਖਿਆ ਕਿ ਲੋਕ ਕਰਮ-ਕਾਂਡ ਕਰਦੇ ਹੋਏ ਮੰਤਰਾਂ ਦਾ ਜਾਪ ਕਰ ਰਹੇ ਸਨ ਅਤੇ ਪੂਰਬ ਵਾਲੇ ਪਾਸੇ ਨੂੰ ਗੰਗਾ ਦਾ ਪਾਣੀ ਚੜ੍ਹਾ ਰਹੇ ਸਨ। ਗੁਰੂ ਨਾਨਕ ਨੇ ਇਸ ਤਰ੍ਹਾਂ ਪਾਣੀ ਚੜ੍ਹਾਉਣ ਦਾ ਸਬੱਬ ਪੁੱਛਿਆ। ਪੁਜਾਰੀ ਨੇ ਜੁਆਬ ਦਿੱਤਾ ਕਿ ਉਹ ਵਿਛੜੇ ਪੁਰਖਿਆਂ ਦੀ ਬੰਦ-ਖ਼ਲਾਸੀ ਲਈ ਸੂਰਜ ਨੂੰ ਪਾਣੀ ਚੜ੍ਹਾ ਰਹੇ ਹਨ। ਇਹ ਸੁਣ ਕੇ ਆਜ਼ਾਦ-ਖ਼ਿਆਲ ਗੁਰੂ ਨਾਨਕ ਨੇ ਚੜ੍ਹਦੇ ਸੂਰਜ ਵੱਲ ਪਿੱਠ ਕਰ ਕੇ ਪੱਛਮ ਵਾਲੇ ਪਾਸੇ ਨੂੰ ਪਾਣੀ ਚੜ੍ਹਾਉਣਾ ਸ਼ੁਰੂ ਕਰ ਦਿੱਤਾ। ਰੀਤ ਦੇ ਉਲਟ ਹੁੰਦੇ ਅਮਲ ਨੂੰ ਦੇਖ ਕੇ ਲੋਕ ਹੈਰਾਨ ਹੋ ਗਏ। ਪੁਜਾਰੀ ਨੇ ਗੁਰੂ ਨਾਨਕ ਨੂੰ ਟੋਕ ਕੇ ਚੜ੍ਹਦੇ ਸੂਰਜ ਵੱਲ ਪਾਣੀ ਚੜ੍ਹਾਉਣ ਨੂੰ ਕਿਹਾ। ਗੁਰੂ ਨਾਨਕ ਨੇ ਖ਼ੁਸ਼-ਮਿਜ਼ਾਜੀ ਨਾਲ ਜੁਆਬ ਦਿੱਤਾ ਕਿ ਉਹ ਪੱਛਮ ਵਾਲੇ ਪਾਸੇ ਪੰਜਾਬ ਵਿੱਚ ਆਪਣੇ ਖੇਤਾਂ ਨੂੰ ਪਾਣੀ ਲਗਾ ਰਹੇ ਹਨ। ਉਨ੍ਹਾਂ ਦੇ ਦੁਆਲੇ ਜੁੜੀ ਭੀੜ ਅਜਿਹੇ ਨਿਰਾਲੇ ਵਾਕਿਆ ਉੱਤੇ ਹੈਰਾਨ ਸੀ। ਉਸ ਪੁਜਾਰੀ ਨੇ ਹੱਸ ਕੇ ਕਿਹਾ ਕਿ ਪੱਛਮ ਵਿੱਚ ਪੰਜਾਬ ਦੇ ਖੇਤਾਂ ਵਿੱਚ ਪਾਣੀ ਦਾ ਪਹੁੰਚਣਾ ਨਾਮੁਮਕਿਨ ਹੈ। ਗੁਰੂ ਨਾਨਕ ਨੇ ਮੁਸਕਰਾ ਕੇ ਪੁੱਛਿਆ ਕਿ ਜੇ ਇਹ ਨਾਮੁਮਕਿਨ ਹੈ ਤਾਂ ਇਹ ਫ਼ਾਨੀ ਦੁਨੀਆ ਤੋਂ ਜਾ ਚੁੱਕੇ ਪੁਰਖਿਆਂ ਤੱਕ ਇਹ ਕਰਮ-ਕਾਂਡ ਦਾ ਚੜ੍ਹਾਵਾ ਕਿਵੇਂ ਪਹੁੰਚ ਸਕਦਾ ਹੈ? ਇਹ ਦਲੀਲ ਅਕੱਟ ਸੀ। ਗੁਰੂ ਨਾਨਕ ਨੇ ਕੋਈ ਟਕਰਾਅ ਸਹੇੜਨ ਦੀ ਥਾਂ ਖੇਡ-ਖੇਡ ਵਿੱਚ ਬੇਲੋੜੇ ਕਰਮ-ਕਾਂਡ ਨੂੰ ਅਕਾਰਥ ਸਾਬਤ ਕਰ ਦਿੱਤਾ। ਉਨ੍ਹਾਂ ਨੇ ਮੋਕਸ਼ ਦੇ ਤਸੱਵੁਰ ਦੇ ਰਹੱਸ ਤੋਂ ਪਰਦਾ ਹਟਾ ਦਿੱਤਾ ਅਤੇ ਸਾਫ਼ ਕਰ ਦਿੱਤਾ ਕਿ ਮਨੁੱਖ ਆਪਣੇ ਅਮਲਾਂ ਦੇ ਅੰਜਾਮ ਤੋਂ ਜਿਉਂਦੇ-ਜੀਅ ਹੀ ਛੁਟਕਾਰਾ ਪਾ ਸਕਦਾ ਹੈ।

ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ॥
ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ॥
ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ॥
ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ॥
(ਸਿਰੀ ਰਾਗ, ਗੁਰੂ ਨਾਨਕ)

ਮਾੜੀ ਬੁਧੀ ਦੀ ਤੁਲਨਾ ਡੂਮਣੀ ਕਸਾਈ ਦੀ ਬੇਦਿਲੀ ਮਾੜੀ ਜਾਤ ਦੀ ਬਦਖੋਈ ਅਤੇ ਚੰਡਾਲ ਦੀ ਦਗ਼ੇਬਾਜ਼ੀ ਵਾਂਗ ਹੈ।
ਕਿਸੇ ਰਸਮੀ ਰਹਿਤ ਦਾ ਕੀ ਫਾਇਦਾ ਜੇ ਚਾਰੇ ਅਵਗੁਣਾਂ ਦਾ ਮਨੁੱਖ ਅੰਦਰ ਵਾਸਾ ਹੈ।
ਸੱਚ, ਸੰਜਮ ਅਤੇ ਚੰਗੇ ਕਰਮ ਹੀ ਇਸ਼ਨਾਨ ਅਤੇ ਨਾਮ ਜਪਣ ਦੇ ਤੁੱਲ ਹਨ।
ਨਾਨਕ ਨੇ ਆਖਿਆ ਕਿ ਉਹ ਉੱਤਮ ਹਨ ਜੋ ਬਦਇਖ਼ਲਾਕੀ ਦਾ ਪਸਾਰਾ ਨਹੀ ਕਰਦੇ।
(ਸਿਰੀ ਰਾਗ, ਗੁਰੂ ਨਾਨਕ)

ਗੁਰੂ ਨਾਨਕ ਦਾ ਡੂੰਘਾ ਸੁਨੇਹਾ ਇਮਾਨਦਾਰੀ ਤੋਂ ਸੱਖਣੇ ਕਰਮ-ਕਾਂਡ ਰਾਹੀਂ ਨਹੀਂ ਸਗੋਂ ਦਇਆਵਾਨ ਬਣ ਕੇ ਅਤੇ ਦਇਆ ਵਰਤਾ ਕੇ ਵਡਿਆਈ ਖਟਣਾ ਸੀ। ਮਨੁੱਖ ਨੂੰ ਆਪਣੀ ਚੇਤਨਾ ਦੇ ਸਮੁੰਦਰ ਵਿੱਚ ਚੁੱਭੀ ਲਗਾਉਣ ਦੀ ਇੱਛਾ ਪਾਲਣੀ ਚਾਹੀਦੀ ਹੈ, ਸੰਜਮ ਦੇ ਘੇਰੇ ਵਿੱਚ ਰਹਿ ਕੇ ਕਾਇਨਾਤ ਦਾ ਧਿਆਨ ਧਰਨਾ ਚਾਹੀਦਾ ਹੈ।

'ਹਰਿ-ਕੀ-ਪਉੜੀ' ਤੋਂ ਕੁਝ ਫ਼ਰਕ ਨਾਲ 'ਨਾਨਕ ਵਾੜਾ' ਹੈ ਜੋ ਗੁਰੂ ਨਾਨਕ ਦੇ ਹਰਿਦਵਾਰ ਆਉਣ ਦੀ ਯਾਦ ਵਿੱਚ ਬਣਿਆ ਸਭ ਤੋਂ ਪੁਰਾਣਾ ਅਸਥਾਨ ਹੈ। 'ਨਾਨਕ ਵਾੜਾ' ਦੀ ਉਸਾਰੀ ਦੀ ਸੇਵਾ ਗੁਰੂ ਹਰਿ ਰਾਏ ਨੇ 'ਉਦਾਸੀ' ਸਾਧੂ ਭਗਤ ਭਗਵਾਨ ਨੂੰ ਸੰਭਾਲੀ ਸੀ। ਇਸ ਅਸਥਾਨ ਦਾ ਇੰਤਜ਼ਾਮ ਹੁਣ ਵੀ 'ਡੇਰੇ' ਕੋਲ ਹੈ ਜੋ ਭਗਤ ਭਗਵਾਨ ਦੀ ਵੇਲ ਹੈ। ਮੁਕਾਮੀ ਸੰਗਤ ਦੇ ਦੱਸਣ ਮੁਤਾਬਕ ੧੯੩੭ ਤੱਕ ਇਸ ਅਸਥਾਨ ਉੱਤੇ 'ਗੁਰੂ ਗ੍ਰੰਥ ਸਾਹਿਬ' ਦਾ ਪ੍ਰਕਾਸ਼ ਸੀ।

'ਨਾਨਕ ਵਾੜਾ' ਤੋਂ ਤੁਰਨ ਵੇਲੇ ਮੈਂ ਸੋਚ ਰਿਹਾ ਹਾਂ ਕਿ ਗੁਰੂ ਨਾਨਕ ਨੇ ਗਿਆਨ ਰਾਹੀਂ ਰੂਹਾਨੀਅਤ ਦਾ ਰਾਹ ਦਰਸਾਇਆ। ਸਮੇਂ ਦੇ ਫੇਰ ਨਾਲ ਇਸ ਖ਼ਿਆਲ ਦੀ ਥਾਂ ਗੁਰੂ ਨਾਨਕ ਦੀਆਂ ਮੂਰਤਾਂ ਨੇ ਲੈ ਲਈ ਹੈ।

ਹੁਣ ਅਸੀਂ 'ਗੁਰੂ ਨਾਨਕ ਅੰਨ-ਖੇਤਰ' ਜਾ ਰਹੇ ਹਾਂ ਜੋ ਗੰਗਾ ਨਦੀ ਦੇ ਕਿਨਾਰੇ 'ਹਰਿ-ਕੀ-ਪਉੜੀ' ਉੱਤੇ ਹੈ। ਇਹ ਇੱਕ ਨਾਨਕ ਨਾਮ ਲੇਵਾ ਪਰਿਵਾਰ ਦੀ ਜਾਇਦਾਦ ਹੈ ਜਿਨ੍ਹਾਂ ਨੇ 'ਲੰਗਰ' ਦੀ ਰੀਤ ਕਾਇਮ ਰੱਖੀ ਹੈ। ਹਾਲੀਆ ਦੌਰ ਵਿੱਚ ਬਣੇ ਇਸ ਅਸਥਾਨ ਦਾ ਕੋਈ ਇਤਿਹਾਸਕ ਪਿਛੋਕੜ ਨਹੀਂ ਹੈ।

ਅਸੀਂ ਉਸ ਅਸਥਾਨ ਉੱਤੇ ਜਾ ਰਹੇ ਹਾਂ ਜਿੱਥੇ ਪਹਿਲਾਂ 'ਹਰਿ-ਕੀ-ਪਉੜੀ' ਉੱਤੇ ਗੁਰਦਵਾਰਾ ਗਿਆਨ ਗੋਦੜੀ ਹੁੰਦਾ ਸੀ। 'ਕੁੰਭ ਮੇਲੇ' ਉੱਤੇ ੧੯੬੬ ਵਿੱਚ ਭਗਦੜ ਮੱਚਣ ਤੋਂ ਬਾਅਦ ਇਸ ਇਲਾਕੇ ਦੇ ਵਿਕਾਸ ਲਈ ਇਹ ਸਾਰੀ ਜ਼ਮੀਨ ਸਰਕਾਰ ਨੇ ਖ਼ਰੀਦ ਲਈ ਸੀ।

ਅਸੀਂ ਹੁਣ ਹਰਿਦਵਾਰ ਤੋਂ ੧੦ ਕਿਲੋਮੀਟਰ ਦੂਰ ਕਨਖਲ ਜਾ ਰਹੇ ਹਾਂ।

'ਸਤੀ ਘਾਟ' ਦੇ ਲਾਗੇ ਇਤਿਹਾਸਕ ਗੁਰਦਵਾਰਾ ਡੇਰਾ ਬਾਬਾ ਦਰਗਾਹ ਸਿੰਘ ਹੈ, ਜੋ ਗੁਰੂ ਅਮਰ ਦਾਸ ਦੀ ਆਮਦ ਦੀ ਯਾਦ ਵਿੱਚ ਬਣਾਇਆ ਗਿਆ ਸੀ।

**ਅਮਰਦੀਪ ਸਿੰਘ:** ਹਰਿਦਵਾਰ ਤੋਂ ਕੋਟਦਵਾਰ ਜਾਂਦੇ ਹੋਏ ਗੁਰੂ ਨਾਨਕ ਨੇ ਕਨਖਲ ਕਿਆਮ ਕੀਤਾ। ਬਾਅਦ ਵਿੱਚ ਗੁਰੂ ਅਮਰ ਦਾਸ ਵੀ ਇਸ ਅਸਥਾਨ ਉੱਤੇ ਆਏ।

ਇਸ ਗੁਰਦੁਵਾਰੇ ਦਾ ਇੰਤਜ਼ਾਮ 'ਨਿਰਮਲਾ ਪੰਚਾਇਤੀ ਅਖਾੜਾ' ਦੇ ਹੱਥ ਵਿੱਚ ਹੈ ਜੋ ਪਟਿਆਲਾ ਦੀ ਫੁਲਕੀਆ ਰਿਆਸਤ ਨੇ ਬਣਵਾਇਆ ਸੀ।

ਸਿੱਖਾਂ ਅੰਦਰ 'ਨਿਰਮਲਾ' ਦਾਨਿਸ਼ਵਰ ਜੀਆਂ ਦਾ ਅਖਾੜਾ ਹੈ।

ਗੁਰੂ ਨਾਨਕ ਨੇ ਆਪਣੇ ਨਿਰਾਲੇ ਤਸ਼ਬੀਹੀ ਅੰਦਾਜ਼ ਵਿੱਚ ਡੂੰਘਾ ਫ਼ਲਸੂਫ਼ੀਆ ਸੁਨੇਹਾ ਦਿੱਤਾ ਕਿ ਅਗਿਆਨਤਾ ਦੀ ਘੂਕੀ ਮਨੁੱਖ ਨੂੰ ਕਰਮ-ਕਾਂਡ ਦੇ ਸ਼ਕੰਜੇ ਵਿੱਚ ਫਸਾ ਲੈਂਦੀ ਹੈ। ਸਦੀਆਂ ਬੀਤ ਜਾਣ ਤੋਂ ਬਾਅਦ ਵੀ ਅਸੀਂ ਡੂੰਘੀ ਨੀਂਦ ਸੁੱਤੇ ਹਾਂ।

ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥
ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥
(ਰਾਗ ਗਉੜੀ ਬੈਰਾਗਣਿ, ਗੁਰੂ ਨਾਨਕ)

ਰਾਤਾਂ ਸੌਂ ਕੇ ਗਵਾਂ ਦਿੱਤੀਆ ਹਨ। ਦਿਨ ਖਾ ਕੇ ਗੁਜ਼ਾਰ ਦਿੱਤੇ ਹਨ।
ਮਨੁੱਖਾ ਜਨਮ ਦੁਰਲੱਭ ਹੀਰਾ ਹੈ ਜੋ ਪਦਾਰਥ ਦੀ ਲਾਲਸਾ ਵਿੱਚ ਅਜਾਈਂ ਜਾ ਰਿਹਾ ਹੈ।
(ਰਾਗ ਗਉੜੀ ਬੈਰਾਗਣਿ, ਗੁਰੂ ਨਾਨਕ)

# ਚਰਚਾ ਲਈ ਕੁਝ ਨੁਕਤੇ

## ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

### ਐਪੀਸੋਡ ੪: ਪੱਛਮੀ ਸੂਰਯ ਉਦਯ (ਪੱਛਮ ਵਿੱਚ ਫੁੱਟੀ ਪਹੁ)

ਇਸ ਐਪੀਸੋਡ ਵਿਚ ਚਰਚਾ ਨਾਲ ਸੰਬੰਧਿਤ ਨੁਕਤੇ ਗੁਰੂ ਨਾਨਕ ਦੀ ਪੂਰਬੀ ਯਾਤਰਾ ਨਾਲ ਜੁੜੇ ਮੁੱਖ ਇਤਿਹਾਸਕ ਅਤੇ ਦਾਰਸ਼ਨਿਕ ਪਹਿਲੂਆਂ ਉਪਰ ਝਾਤ ਪਾਉਂਦੇ ਹਨ। ਇਤਿਹਾਸਕ ਤੌਰ 'ਤੇ, ਇਹ ਨੁਕਤੇ ਗੁਰੂ ਨਾਨਕ ਦੀ ਉੱਤਰੀ ਭਾਰਤ ਦੇ ਮੁੱਖ ਧਾਰਮਿਕ ਕੇਂਦਰਾਂ ਵਿਚ ਕੀਤੀ ਯਾਤਰਾ ਦੇ ਪਦ ਚਿੰਨ੍ਹਾਂ ਦੀ ਨਿਸ਼ਾਨਦੇਹੀ ਕਰਦੇ ਹਨ। ਉਨ੍ਹਾਂ ਦੁਆਰਾ ਵੱਖ-ਵੱਖ ਧਾਰਮਿਕ ਆਗੂਆਂ ਅਤੇ ਪਰੰਪਰਾਵਾਂ ਨਾਲ ਰਚਾਏ ਸੰਵਾਦਾਂ ਨੂੰ ਸਾਡੇ ਸਾਹਮਣੇ ਰੱਖਦੇ ਹਨ। ਉਨ੍ਹਾਂ ਸਥਾਨਾਂ ਬਾਰੇ ਵੀ ਦਰਸਾਉਂਦੇ ਹਨ, ਜੋ ਉਨ੍ਹਾਂ ਦੀ ਆਮਦ ਦੀ ਯਾਦ ਨੂੰ ਸਮਰਪਿਤ ਹਨ। ਦਾਰਸ਼ਨਿਕ ਤੌਰ 'ਤੇ, ਇਹ ਉਨ੍ਹਾਂ ਦੇ ਸਰਬਸਾਂਝੇ ਪੈਗਾਮ, ਨਿਡਰਤਾ, ਨੈਤਿਕ ਅਗਵਾਈ ਅਤੇ ਕਰਮਕਾਂਡੀ ਬਨਾਮ ਅੰਤਰੀਵੀ ਰੁਪਾਂਤ੍ਰਣ ਨੂੰ ਪ੍ਰਗਟ ਕਰਦੇ ਹਨ। ਚਰਚਾ ਦੇ ਇਹਨਾਂ ਨੁਕਤਿਆਂ ਰਾਹੀਂ, ਗੁਰੂ ਨਾਨਕ ਦੀ ਉਸ ਵਿਚਾਰਧਾਰਾ ਨੂੰ ਸਮਝਣ ਦਾ ਸੁਨਿਹਰੀ ਮੋਕਾ ਮਿਲਦਾ ਹੈ, ਜੋ ਧਾਰਮਿਕ ਵੰਡਾਂ ਤੋਂ ਉਪਰ ਜਾਣ, ਫੋਕੀਆਂ ਰਸਮਾਂ ਨੂੰ ਚੁਣੌਤੀ ਦੇਣ, ਬਿਬੇਕ ਰਾਹੀਂ ਆਤਮਿਕ ਚੇਤਨਾ ਨੂੰ ਜਾਗਰੂਕ ਕਰਨ ਅਤੇ ਸਦਾਚਾਰਕ ਰਹਿਣੀ ਦੀ ਨਿਰੰਤਰ ਤਾਕੀਦ ਕਰਦੀ ਹੈ।

## ਇਤਿਹਾਸਕ ਚਰਚਾ ਨੁਕਤੇ:

**੧. ਗੁਰੂ ਨਾਨਕ ਦੀ ਪੂਰਬੀ ਯਾਤਰਾ ਦੌਰਾਨ ਪੰਜਾਬ ਦੀ ਸਭਿਆਚਾਰਿਕ ਸਥਿਤੀ ਕੀ ਸੀ?**

ਇਸ ਐਪੀਸੋਡ ਵਿਚ ਪੰਜਾਬ ਨੂੰ ਸਿੰਧੂ ਖੇਤਰ ਦੀਆਂ ਪੰਜ ਨਦੀਆਂ ਦੀ ਧਰਤੀ ਵਜੋਂ ਵੇਖਾਇਆ ਗਿਆ ਹੈ, ਜੋ ਵੱਖ-ਵੱਖ ਸੰਸਕ੍ਰਿਤੀਆਂ ਦਾ ਮਿਸ਼ਰਣ ਰਹੀ ਹੈ, ਜਿੱਥੇ ਮੱਧ ਏਸ਼ੀਆਈ ਤੋਂ ਆਏ ਇਸਲਾਮ ਅਤੇ ਗੰਗਾ ਕੰਢੇ ਦੀ ਹਿੰਦੂ ਸੰਸਕ੍ਰਿਤੀ ਦਾ ਸੰਗਮ ਹੋਇਆ। ਇਹ ਪੰਜਾਬ ਨੂੰ ਇਕ ਮਹੱਤਵਪੂਰਨ ਸੰਸਕ੍ਰਿਤਕ ਮਿਲਾਪ ਅਤੇ ਧਾਰਮਿਕ ਵਿਭਿੰਨਤਾ ਵਾਲੇ ਖੇਤਰ ਵਜੋਂ ਦਰਸਾਉਂਦਾ ਹੈ। ਜਦ ਗੁਰੂ ਨਾਨਕ ਪਾਕਪਟਨ ਤੋਂ ਸਤਲੁਜ ਨਦੀ ਪਾਰ ਕਰਕੇ ਗੰਗੋਤਰੀ ਖੇਤਰ ਵੱਲ ਵਧੇ ਤਾਂ ਇਸ ਬਹੁ-ਸੰਸਕ੍ਰਿਤਕ ਵਾਤਾਵਰਣ ਨੇ ਉਨ੍ਹਾਂ ਦੁਆਰਾ ਅਪਣਾਏ ਧਾਰਮਿਕ ਸੰਵਾਦ ਦੀ ਵਿਧੀ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੋਵੇਗਾ,?

## ੨. ਸਿਰਸਾ ਵਿਖੇ ਫਕੀਰਾਂ ਨਾਲ ਗੁਰੂ ਨਾਨਕ ਦੀ ਮੁਲਾਕਾਤ ਨੇ ਉਨ੍ਹਾਂ ਦੀ ਧਾਰਮਿਕ ਪਛਾਣ ਦੇ ਦ੍ਰਿਸ਼ਟੀਕੋਣ ਨੂੰ ਕਿਵੇਂ ਉਘਾੜਿਆ?

ਇਸ ਐਪੀਸੋਡ ਅਨੁਸਾਰ, ਜਦ ਗੁਰੂ ਨਾਨਕ ਸਿਰਸਾ ਪਹੁੰਚੇ, ਤਾਂ ਉਨ੍ਹਾਂ ਦੇ ਅਨੋਖੇ ਪਹਿਰਾਵੇ ਕਰਕੇ ਲੋਕ ਇਹ ਨਿਰਧਾਰਤ ਨਹੀਂ ਕਰ ਸਕੇ ਕਿ ਉਹ ਮੁਸਲਮਾਨ ਹਨ ਜਾਂ ਹਿੰਦੂ। ਹੈਰਾਨ ਹੋ, ਜਦ ਫਕੀਰਾਂ ਨੇ ਉਨ੍ਹਾਂ ਤੋਂ ਉਨ੍ਹਾਂ ਦੀ ਧਾਰਮਿਕ ਪਛਾਣ ਬਾਰੇ ਪੁੱਛਿਆ, ਤਾਂ ਗੁਰੂ ਨਾਨਕ ਨੇ ਮੁਸਕਰਾਉਂਦਿਆਂ ਜ਼ਵਾਬ ਦਿੱਤਾ ਕਿ ਜੇਕਰ ਉਨ੍ਹਾਂ ਨੂੰ ਮਨੁੱਖ ਦੇ ਰੂਪ ਵਿਚ ਦੇਖਿਆ ਜਾਵੇ, ਤਾਂ ਧਰਮ, ਜਾਤੀ ਅਤੇ ਸੰਪਰਦਾਇਕਤਾ ਦੇ ਆਧਾਰ 'ਤੇ ਉਸਰੇ ਭੇਦਭਾਵ ਖਤਮ ਹੋ ਸਕਦੇ ਹਨ। ਉਨ੍ਹਾਂ ਨੇ ਇਹ ਸੰਦੇਸ਼ ਦਿੱਤਾ ਕਿ ਪ੍ਰਕਾਸ਼ਰੂਪੀ ਸਰਵ ਵਿਆਪਕ ਏਕਤਾ ਨੂੰ ਪਛਾਣੋ ਅਤੇ ਬੰਸਾਵਲੀ ਵੱਲ ਧਿਆਨ ਨਾ ਦਿਓ । ਦੈਵੀ ਸਤਾ ਕਿਸੇ ਵੀ ਤਰ੍ਹਾਂ ਦਾ ਭੇਦਭਾਵ ਨਹੀਂ ਕਰਦੀ। ਸਿਰਸਾ ਦੇ ਧਾਰਮਿਕ ਮੇਲੇ ਵਿੱਚ ਹੋਇਆ ਇਹ ਵਾਰਤਾਲਾਪ ਗੁਰੂ ਨਾਨਕ ਦੇ ਧਾਰਮਿਕ ਵੰਡਾਂ ਤੋਂ ਉਪਰ ਉਠਣ ਅਤੇ ਏਕਤਾ ਦੇ ਸਿਧਾਂਤ ਪ੍ਰਤੀ ਕੀ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ?

## ੩. ਗੁਰੂ ਨਾਨਕ ਦੀ ਕਾਰਾਹ ਪਿੰਡ ਵਿਖੇ ਇਕ ਪੰਡਤ ਨਾਲ ਹੋਈ ਵਾਰਤਾਲਾਪ ਦਾ ਕੀ ਮਹੱਤਵ ਹੈ?

ਦਸਤਾਵੇਜ਼ੀ ਦੇ ਇਸ ਐਪੀਸੋਡ ਅਨੁਸਾਰ ਕਾਰਾਹ ਪਿੰਡ ਵਿੱਚ ਸਥਿਤ ਗੁਰਦੁਆਰੇ ਦੇ ਬੋਰਡ 'ਤੇ ਇਹ ਕਥਾ ਲਿਖੀ ਹੋਈ ਹੈ ਕਿ ਗੁਰੂ ਨਾਨਕ ਨੇ ਉੱਥੇ ਇਕ ਮਰੇ ਹੋਏ ਊਠ ਨੂੰ ਜੀਵੰਤ ਕੀਤਾ ਸੀ ਅਤੇ ਉਥੋਂ ਦੇ ਇਕ ਸਥਾਨਕ ਪੰਡਤ ਦੀ ਹਉਮੈ ਖਤਮ ਕਰਨ ਲਈ ਉਸ ਨਾਲ ਸੰਵਾਦ ਰਚਾਇਆ ਸੀ। ਬਿਰਤਾਂਤਕਾਰ ਦੇ ਅਨੁਸਾਰ ਇਕ ਰੂਪਕ ਰਾਹੀਂ ਕਿਸੇ ਸੰਦੇਸ਼ ਨੂੰ ਪਹੁੰਚਾਉਣ ਦੀ ਇਹ ਇਕ ਵਿਧੀ ਹੋ ਸਕਦੀ ਹੈ ਜਿਵੇਂ ਮਰਿਆ ਹੋਇਆ ਊਠ ਪੰਡਤ ਦੀ ਰੂਹਾਨੀ ਤੌਰ 'ਤੇ ਮਰੀ ਹੋਈ ਚੇਤਨਾ ਦਾ ਪ੍ਰਤੀਕ ਹੋਵੇ, ਜੋ ਗੁਰੂ ਨਾਨਕ ਦੇ ਗਿਆਨ ਉਪਦੇਸ਼ਿਕ ਸਬਦਾਂ ਰਾਹੀਂ ਮੁੜ ਜੀਵਤ ਹੋ ਗਈ ਹੋਵੇ। ਇਹ ਵਿਆਖਿਆ ਮੋਜ਼ੂਦਾ ਸਮੇਂ ਵਿਚ ਇਹ ਸਮਝਣ ਲਈ ਕਿਵੇਂ ਸਹਾਇਕ ਹੋ ਸਕਦੀ ਹੈ ਕਿ ਗੁਰੂ ਨਾਨਕ ਦੇ ਧਾਰਮਿਕ ਵਿਦਵਾਨਾਂ ਨਾਲ ਹੋਏ ਸੰਵਾਦਾਂ ਦੀ ਗਲਤ ਵਿਆਖਿਆ ਹੋਈ ਹੋਵੇ ਜੋ ਬਾਅਦ ਵਿਚ ਮਿਥਾਂ ਦਾ ਰੂਪ ਧਾਰਨ ਕਰ ਵਿਕਸਤ ਹੋਈ ਹੋਵੇ?

## ੪. ਗੁਰੂ ਨਾਨਕ ਨੇ ਪਿਹੋਵਾ ਵਿਚ ਕਿਹੜੀਆਂ ਧਾਰਮਿਕ ਰਸਮਾਂ ਨੂੰ ਘੋਖਿਆ ਅਤੇ ਉਨ੍ਹਾਂ ਦੇ ਪ੍ਰਥਾਇ ਕਿਸ ਢੰਗ ਨਾਲ ਉੱਤਰ ਦਿੱਤਾ?

ਇਸ ਭਾਗ ਵਿਚ ਪਿਹੋਵਾ ਨੂੰ ਮਹਾਂਭਾਰਤ ਯੁਗ ਦਾ ਇੱਕ ਪ੍ਰਾਚੀਨ ਨਗਰ ਦੱਸਿਆ ਗਿਆ ਹੈ, ਜਿਥੇ ਸਨਿਹਿਤ ਸਰੋਵਰ ਸਥਿਤ ਹੈ, ਜਿਸਨੂੰ ਲੁਪਤ ਹੋ ਚੁੱਕੀ ਸਰਸਵਤੀ ਨਦੀ ਦੇ ਪਵਿੱਤਰ ਜਲ ਦਾ ਸਰੋਤ ਮੰਨਿਆ ਜਾਂਦਾ ਹੈ। ਲੋਕ ਇੱਥੇ ਪਿੰਡ-ਦਾਨ ਕਰਨ ਆਉਂਦੇ ਸਨ, ਜਿਸ ਵਿੱਚ ਚੌਲਾਂ ਤੇ ਕਣਕ ਦੇ ਆਟੇ, ਸ਼ਹਿਦ, ਸੁਕੇ ਦੁਧ ਅਤੇ ਤਿਲ ਨਾਲ ਬਣੇ ਲਡੂ (ਪਿੰਡ) ਪਰੋਹਿਤ ਦੁਆਰਾ ਪੂਜਾ ਹਿਤ ਅਰਪਣ ਕੀਤੇ ਜਾਂਦੇ ਸਨ ਅਤੇ ਇਸ ਦੇ ਬਦਲੇ ਉਹ ਦਾਨ ਪ੍ਰਾਪਤੀ ਦੀ ਆਸ ਰੱਖਦਾ ਸੀ। ਇਹਨਾਂ ਰਸਮਾਂ ਨੂੰ ਦੇਖ ਕੇ, ਗੁਰੂ ਨਾਨਕ ਨੇ ਕਿਹਾ ਕਿ ਝੂਠ ਬੋਲਣਾ ਮੁਰਦੇ ਦਾ ਮਾਸ ਖਾਣ ਦੇ ਤੁਲ ਹੈ। ਜੋ ਝੂਠ ਬੋਲਦੇ ਹਨ ਅਤੇ ਧਰਮ ਦਾ ਪ੍ਰਚਾਰ ਵੀ ਕਰਦੇ ਹਨ, ਉਹ ਆਪਣੇ ਆਪ ਨੂੰ ਅਤੇ ਹੋਰਾਂ ਨੂੰ ਧੋਖਾ ਦਿੰਦੇ ਹਨ। ਇਹਨਾਂ ਕਿਰਿਆਵਾਂ ਪ੍ਰਤੀ ਗੁਰੂ ਨਾਨਕ ਦਾ ਜਵਾਬ ਬਤੌਰ ਧਾਰਮਿਕ ਰਸਮਾਂ ਦੇ ਆਲੋਚਕ ਅਤੇ ਉਨ੍ਹਾਂ ਦੇ ਸਮੇਂ ਵਿੱਚ ਪੁਜਾਰੀ ਵਰਗਾਂ ਦੀ ਭੂਮਿਕਾ ਨੂੰ ਕਿਵੇਂ ਦਰਸਾਉਂਦਾ ਹੈ?

**੫. ਕੁਰੂਕਸ਼ੇਤਰ ਵਿਖੇ ਸੂਰਜ ਗ੍ਰਹਣ ਮੇਲੇ ਦੌਰਾਨ ਗੁਰੂ ਨਾਨਕ ਦਾ ਸਾਹਮਣਾ ਕਿਸ ਮਹੱਤਵਪੂਰਨ ਘਟਨਾ ਨਾਲ ਹੋਇਆ?**

ਇਸ ਐਪੀਸੋਡ ਅਨੁਸਾਰ, ਕੁਰੂਕਸ਼ੇਤਰ, ਜਿਸਨੂੰ 'ਧਰਮ ਖੇਤਰ ਵੀ ਕਿਹਾ ਜਾਂਦਾ ਹੈ, ਉਹ ਥਾਂ ਹੈ ਜਿੱਥੇ ਸ਼੍ਰੀ ਕ੍ਰਿਸ਼ਨ ਨੇ ਮਹਾਂਭਾਰਤ ਜੰਗ ਦੌਰਾਨ ਧਰਮ ਦਾ ਉਪਦੇਸ਼ ਦਿੱਤਾ ਸੀ। ਲੋਕ ਮੰਨਦੇ ਸਨ ਕਿ ਗ੍ਰਹਣ ਦੌਰਾਨ ਰਾਹੁ ਅਤੇ ਕੇਤੂ ਦੀ ਨਕਾਰਾਤਮਕ ਊਰਜਾ ਵਧ ਜਾਂਦੀ ਹੈ। ਇਸ ਮੇਲੇ ਵਿਚ, ਇਕ ਰਾਜਾ ਜੋ ਹਾਲ ਹੀ ਵਿਚ ਆਪਣੀ ਰਿਆਸਤ ਗੁਆ ਚੁੱਕਾ ਸੀ, ਪਵਿੱਤਰ ਸਰੋਵਰ ਦੇ ਨੇੜੇ ਹਿਰਨ ਦਾ ਮਾਸ ਰਿਣ ਰਿਹਾ ਸੀ, ਜੋ ਧਾਰਮਿਕ ਵਿਸ਼ਵਾਸਾਂ ਦੇ ਵਿਪਰੀਤ ਮੰਨਿਆ ਜਾਂਦਾ ਸੀ। ਇਸ ਨਾਲ ਉੱਥੇ ਦੇ ਪੁਰੋਹਿਤਾਂ ਵਿੱਚ ਤਕਰਾਰ ਦਾ ਮਾਹੌਲ ਪੈਦਾ ਹੋ ਗਿਆ। ਗੁਰੂ ਨਾਨਕ ਨੇ ਇਸ ਮਸਲੇ ਵਿਚ ਦਖਲ ਦਿੱਤਾ ਅਤੇ ਇਕ ਰੂਪਕ ਦੇ ਜਰੀਏ ਭੀੜ ਨੂੰ ਸਮਝਾਉਂਦਿਆਂ ਕਿਹਾ ਕਿ ਸਦਾਚਾਰ ਦੇ ਤੀਰ ਨਾਲ ਚੰਚਲ ਮਨ ਦੇ ਵਿਕਾਰਾਂ ਨੂੰ ਮਾਰੋ ਅਤੇ ਅਹੰਕਾਰ ਦੀ ਅੱਗ ਵਿੱਚ ਇਹਨਾਂ ਵਿਕਾਰਾਂ ਨੂੰ ਪਕਾਓ। ਇਸ ਬ੍ਰਿਤਾਂਤ ਰਾਹੀਂ ਗੁਰੂ ਨਾਨਕ ਨੇ ਪਰੰਪਰਾਵਾਦੀ ਧਾਰਮਿਕ ਵਿਸ਼ਵਾਸਾਂ ਨੂੰ ਕਿਵੇਂ ਚੁਣੌਤੀ ਦਿੱਤੀ ਅਤੇ ਧਿਆਨ ਨੂੰ ਗਹਿਰੀ ਰੂਹਾਨੀ ਸੋਚ ਵਲ ਕਿਵੇਂ ਮੋੜਿਆ?

**੬. ਗੁਰੂ ਨਾਨਕ ਨੇ ਹਰਿਦੁਆਰ ਵਿਖੇ ਕਰਮਕਾਂਡੀ ਰਸਮਾਂ ਨੂੰ ਕਿਵੇਂ ਚੁਣੌਤੀ ਦਿੱਤੀ?**

ਇਸ ਐਪੀਸੋਡ ਵਿਚ, ਹਰਿਦੁਆਰ ਵਿਖੇ 'ਹਰ-ਕੀ-ਪੌੜੀ' 'ਤੇ ਵੈਸਾਖੀ ਦੇ ਮੇਲੇ ਦੌਰਾਨ, ਗੁਰੂ

ਨਾਨਕ ਨੇ ਵੇਖਿਆ ਕਿ ਲੋਕ ਮੰਤਰ ਉਚਾਰਨ ਕਰਦੇ ਹੋਏ ਸੂਰਜ ਵੱਲ ਮੁੱਖ ਕਰਕੇ ਗੰਗਾ ਜਲ ਅਰਪਣ ਕਰ ਰਹੇ ਸਨ, ਇਹ ਮੰਨਦੇ ਹੋਏ ਕਿ ਇਸ ਨਾਲ ਉਨ੍ਹਾਂ ਦੇ ਪੂਰਵਜਾਂ ਨੂੰ ਮੁਕਤੀ ਮਿਲੇਗੀ। ਤਦ ਗੁਰੂ ਨਾਨਕ ਨੇ ਪੱਛਮ ਵੱਲ ਮੁੱਖ ਕਰਕੇ ਜਲ ਅਰਪਣ ਕੀਤਾ ਅਤੇ ਕਿਹਾ ਕਿ ਉਹ ਪੰਜਾਬ ਵਿਚ ਆਪਣੇ ਖੇਤਾਂ ਨੂੰ ਪਾਣੀ ਦੇ ਰਹੇ ਹਨ। ਜਦੋਂ ਪੁਰੋਹਿਤਾਂ ਨੇ ਇਸ ਨੂੰ ਅਸੰਭਵ ਦੱਸਿਆ, ਤਾਂ ਗੁਰੂ ਨਾਨਕ ਨੇ ਉੱਤਰ ਦਿੱਤਾ ਕਿ ਜੇਕਰ ਇਹ ਅਸੰਭਵ ਹੈ, ਤਾਂ ਪੂਰਵਜਾਂ ਤਕ ਜਲ ਕਿਵੇਂ ਪਹੁੰਚ ਸਕਦਾ ਹੈ, ਜਿਹੜੇ ਇਸ ਸੰਸਾਰ ਵਿਚ ਵੀ ਨਹੀਂ ਹਨ? ਇਹ ਐਪੀਸੋਡ ਇਹ ਦਸਦਾ ਹੈ ਕਿ ਬਿਨ੍ਹਾਂ ਕਿਸੇ ਵਿਰੋਧ ਇਕ ਨਾਟਕੀ ਢੰਗ ਰਾਹੀਂ ਗੁਰੂ ਨਾਨਕ ਨੇ ਫੋਕੇ ਕਰਮਾਂ ਕਾਂਡਾ ਦੀ ਨਿਰਾਰਥਕਤਾ ਨੂੰ ਸਮਝਾ ਦਿਤਾ। ਇਹ ਬਿਰਤਾਂਤ ਗੁਰੂ ਨਾਨਕ ਦੀ ਉਸ ਵਿਧੀ ਅਤੇ ਜੁਗਤ ਦਾ ਕਿਸ ਤਰ੍ਹਾਂ ਬਿਆਨ ਕਰਦੇ ਹਨ ਜਿਸ ਰਾਹੀਂ ਉਹ ਸਥਾਪਿਤ ਰੂੜ੍ਹੀਵਾਦੀ ਵਿਸ਼ਵਾਸਾਂ ਨੂੰ ਚੁਣੌਤੀ ਦਿੰਦੇ ਸਨ?

੭. **ਗੁਰੂ ਨਾਨਕ ਦੀ ਪੂਰਬੀ ਯਾਤਰਾ ਦੀ ਯਾਦਗਾਰ ਵਜੋਂ ਕਿਹੜੇ-ਕਿਹੜੇ ਸਥਾਨ ਸਥਾਪਿਤ ਕੀਤੇ ਗਏ, ਅਤੇ ਉਹ ਉਨ੍ਹਾਂ ਦੀ ਵਿਰਾਸਤ ਦੇ ਸੰਭਾਲ ਬਾਰੇ ਸਾਨੂੰ ਕੀ ਦੱਸਦੇ ਹਨ?** ਇਸ ਐਪੀਸੋਡ ਵਿਚ ਗੁਰੂ ਨਾਨਕ ਨਾਲ ਸੰਬੰਧਿਤ ਕਈ ਸਥਾਨਾਂ ਦਾ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ਵਿਚ ਸਿਰਸਾ ਦਾ ਗੁਰਦੁਆਰਾ ਚਿੱਲਾ ਸਾਹਿਬ, ਕੈਥਲ ਰਾਜ ਦੇ ਰਾਜਾ ਉਦੈ ਸਿੰਘ ਦੁਆਰਾ ਬਣਵਾਇਆ ਗਿਆ ਕਾਰਾਹ ਵਿਖੇ ਇਕ ਇਤਿਹਾਸਕ ਗੁਰਦੁਆਰਾ, ਪਿਹੋਵਾ ਵਿਚ ਸਥਿਤ ਗੁਰਦੁਆਰਾ ਸੀਸ਼ ਮਹਲ ਅਤੇ ਗੁਰਦੁਆਰਾ ਬਾਉਲੀ ਸਾਹਿਬ (ਜੋ ਰਾਜਾ ਉਦੈ ਸਿੰਘ ਦੁਆਰਾ ਬਣਵਾਇਆ ਗਿਆ ਸੀ), ਕੁਰੂਕਸ਼ੇਤਰ ਵਿਚ ਸਥਿਤ ਗੁਰਦੁਆਰਾ ਸਿੱਧ ਬਾਟੀ ਪਾਤਸ਼ਾਹੀ ਪਹਿਲੀ (ਜੋ ਉੱਨੀਵੀਂ ਸਦੀ ਦੇ ਸ਼ੁਰੂ ਵਿਚ ਮਹਾਰਾਜਾ ਰਣਜੀਤ ਸਿੰਘ ਦੁਆਰਾ ਬਣਵਾਇਆ ਗਿਆ ਸੀ), ਅਤੇ ਹਰਿਦੁਆਰ ਵਿਚ ਸਥਿਤ 'ਨਾਨਕ ਵਾੜਾ' (ਜਿਸ ਨੂੰ ਉਦਾਸੀ ਸਾਧੂ ਭਗਤ ਭਗਵਾਨ ਦੁਆਰਾ ਬਣਵਾਇਆ ਗਿਆ ਸੀ, ਜਿਨ੍ਹਾਂ ਨੂੰ ਇਹ ਸੇਵਾ ਸੱਤਵੇਂ ਸਿੱਖ ਗੁਰੂ, ਗੁਰੂ ਹਰ ਰਾਇ ਦੁਆਰਾ ਸੌਂਪੀ ਗਈ ਸੀ) ਸ਼ਾਮਲ ਹਨ। ਇਤਿਹਾਸ ਦੇ ਵੱਖ-ਵੱਖ ਕਾਲ ਅਤੇ ਸੰਸਥਾਗਤ ਰੂਪ ਵਿਚ ਗੁਰੂ ਨਾਨਕ ਦੀ ਯਾਦ ਅੰਦਰ ਬਣੇ ਇਹ ਅਸਥਾਨ ਉਨ੍ਹਾਂ ਦੀਆਂ ਉਦਾਸੀਆਂ ਬਾਰੇ ਕੀ ਪ੍ਰਗਟ ਕਰਦੇ ਹਨ?

## ਦਾਰਸ਼ਨਿਕ ਚਰਚਾ ਨੁਕਤੇ:

**੧. ਗੁਰੂ ਨਾਨਕ ਦੀ ਵਿਸ਼ਵਵਿਆਪੀ ਜੋਤ ਸੰਬੰਧੀ ਵਿਚਾਰਧਾਰਾ ਧਾਰਮਿਕ ਪਹਿਚਾਣ ਬਾਰੇ ਉਨ੍ਹਾਂ ਦੇ ਪਹੁੰਚ ਨੂੰ ਕਿਵੇਂ ਪੇਸ਼ ਕਰਦੀ ਹੈ?**

ਇਸ ਐਪੀਸੋਡ ਵਿਚ ਗੁਰੂ ਨਾਨਕ ਦੇ ਸਬਦ ਰਾਹੀਂ ਸਮਝਾਇਆ ਗਿਆ ਹੈ: ਵਿਸ਼ਵਵਿਆਪੀ ਜੋਤ ਦੀ ਏਕਤਾ ਨੂੰ ਪਛਾਣੋ ਅਤੇ ਬੰਸਾਵਲੀ ਦੀ ਜਾਂਚ ਨਾ ਕਰੋ। ਦੈਵੀ ਸਤਾ ਵਿਚ ਕੋਈ ਭੇਦਭਾਵ ਨਹੀਂ ਹੈ। ਫਿਰ ਇਹ ਦਰਜ਼ ਕੀਤਾ ਕਿ ਗੁਰੂ ਨਾਨਕ ਨੇ ਸਭ ਵਿਚ ਵੱਸਦੀ ਇਕ 'ਜੋਤਿ' ਨੂੰ ਦੇਖਿਆ। ਜਦੋਂ ਇਹ ਗਿਆਨ ਪ੍ਰਕਾਸ਼ਿਤ ਹੁੰਦਾ ਹੈ, ਤਾਂ ਇਹ ਅੰਦਰੂਨੀ ਧਰਮ ਨੂੰ ਉਜਾਗਰ ਕਰਦਾ ਹੈ, ਜੋ ਤੇਰੇ, ਮੇਰੇ ਅਤੇ ਸਿਰਜਨਹਾਰ ਵਿਚ ਕੋਈ ਫ਼ਰਕ ਨਹੀਂ ਵੇਖਦਾ। ਇਹ ਵਿਸ਼ਵ-ਵਿਆਪੀ ਜੋਤਿ ਦਾ ਸਿਧਾਂਤ ਧਾਰਮਿਕ ਵੰਡਾਂ ਤੋਂ ਪਾਰ ਅਤੇ ਸਭ ਜੀਵਾਂ ਵਿਚ ਦੈਵੀ ਸਤਾ ਨੂੰ ਪਛਾਣਨ ਲਈ ਕਿਵੇਂ ਇਕ ਦਾਰਸ਼ਨਿਕ ਵਿਚਾਰਧਾਰਾ ਦੀ ਨੀਂਹ ਰੱਖਦਾ ਹੈ?

**੨. ਅਹੰਕਾਰ ਅਤੇ ਆਤਮਿਕ ਰੁਪਾਂਤ੍ਰਣ ਦੇ ਸੰਬੰਧ ਵਿਚ ਗੁਰੂ ਨਾਨਕ ਕੀ ਵਿਅਕਤ ਕਰਦੇ ਹਨ?**

ਇਸ ਭਾਗ ਵਿਚ ਕਾਰਾਹ ਪਿੰਡ ਵਿਖੇ ਗੁਰੂ ਨਾਨਕ ਬਾਣੀ ਦੇ ਸਬਦ ਰਾਹੀਂ ਸਮਝਾਇਆ ਗਿਆ ਹੈ ਕਿ ਜੋ ਸਰਬ-ਵਿਆਪਕ ਸ਼ਕਤੀ ਸਿਰਜਦੀ ਹੈ, ਓਹੀ ਨਾਸ ਵੀ ਕਰਦੀ ਹੈ। ਉਸ ਤੋਂ ਇਲਾਵਾ ਹੋਰ ਕੋਈ ਨਹੀਂ ਹੈ। ਬ੍ਰਿਤਾਂਤਕਾਰ ਵਿਚਾਰਦਾ ਹੈ: ਜੋ ਸਿਰਜਦਾ ਹੈ, ਓਹੀ ਵਿਨਾਸ਼ ਵੀ ਕਰਦਾ ਹੈ। ਠੀਕ ਉਸੇ ਤਰ੍ਹਾਂ ਜੋ ਹਉਮੈਂ ਦੇ ਜਾਲ ਵਿਚ ਫਸਿਆ ਹੈ ਉਹ ਇਸ ਤੋਂ ਮੁਕਤ ਵੀ ਹੋ ਸਕਦਾ ਹੈ। ਬਾਅਦ ਵਿਚ, ਕੁਰੂਕਸ਼ੇਤਰ ਵਿਖੇ ਵਾਪਰੀ ਰਾਜੇ ਵਾਲੀ ਘਟਨਾ 'ਤੇ ਚਿੰਤਨ ਕਰਦਿਆਂ, ਇਸ ਭਾਗ ਵਿਚ ਦਰਸਾਇਆ ਗਿਆ ਹੈ ਕਿ ਗੁਰੂ ਨਾਨਕ ਨੇ ਅਹੰਕਾਰ ਨੂੰ ਸਾੜ ਕੇ ਪ੍ਰਕਾਸ਼ਤ ਕੀਤੀ ਅੱਗ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਹੈ। ਗੁਰੂ ਨਾਨਕ ਅਹੰਕਾਰ ਦੇ ਪਰਿਵਰਤਨ ਲਈ ਆਤਮਿਕ ਵਿਕਾਸ ਨੂੰ ਕੇਂਦਰ ਵਿਚ ਕਿਵੇਂ ਰੱਖਦੇ ਹਨ, ਅਤੇ ਇਸ ਦੇ ਰੁਪਾਂਤ੍ਰਣ ਲਈ ਉਹ ਕਿਹੜੀਆਂ-ਕਿਹੜੀਆਂ ਵਿਧੀਆਂ ਦੀ ਵਰਤੋਂ ਕਰਨ ਲਈ ਸਮਝਾਉਂਦੇ ਹਨ?

**੩. ਗੁਰੂ ਨਾਨਕ ਮਾਸਾਹਾਰੀ ਅਹਾਰ ਦੀ ਨੈਤਿਕਤਾ ਬਾਰੇ ਕਿਵੇਂ ਆਲੋਚਨਾ ਕਰਦੇ ਹਨ, ਅਤੇ ਇਸ ਵਿਸ਼ੇ ਦੇ ਰਾਹੀਂ ਉਹ ਕਿਹੜਾ ਗੂੜ ਦਾਰਸ਼ਨਿਕ ਸੁਨੇਹਾ ਦਿੰਦੇ ਹਨ?**

ਕੁਰੂਕਸ਼ੇਤਰ ਵਿਖੇ ਸੂਰਜ ਗ੍ਰਹਣ ਦੌਰਾਨ ਮਾਸ ਖਾਣ ਨਾਲ ਜੁੜੇ ਬਿਰਤਾਂਤ ਵਿਚ, ਗੁਰੂ ਨਾਨਕ ਫੁਰਮਾਉਂਦੇ ਹਨ: ਮਾਸ ਖਾਣ ਦੀ ਨੈਤਿਕ ਬਹਿਸ ਉਪਰ ਮੂਰਖ ਝਗੜਾ ਕਰਦੇ ਹਨ। ਉਹ ਬਿਬੇਕ ਅਤੇ ਗਿਆਨ ਤੋਂ ਸੱਖਣੇ ਰਹਿੰਦੇ ਹਨ। ਕਿਸ ਨੂੰ ਮਾਸ ਅਤੇ ਕਿਸਨੂੰ ਵਨਸਪਤੀ ਕਿਹਾ ਜਾ ਸਕਦਾ

ਹੈ? ਕੌਣ ਜਾਣਦਾ ਹੈ ਕਿ ਕਿਹੜਾ ਕਰਮ ਗਲਤ ਕਾਰਜ ਹੈ! ਉਹ ਕਹਿੰਦੇ ਹਨ ਕਿ ਧਰਮ ਦੇ ਰਖਵਾਲੇ ਮਾਸ ਖਾਣ ਦੀ ਨਿੰਦਾ ਕਰਦੇ ਹਨ, ਪਰ ਹੈਰਾਨਗੀ ਇਸ ਗੱਲ ਦੀ ਹੈ ਕਿ ਉਹੀ ਲੋਕ ਸਿਰਜਨਹਾਰ ਨੂੰ ਪ੍ਰਸੰਨ ਕਰਨ ਲਈ ਜਾਨਵਰ ਦੀ ਬਲੀ ਦੇਣ ਦੀ ਰਸਮ ਨਿਭਾਉਂਦੇ ਹਨ, ਜੋ ਜੀਵਨ ਸਤਾ ਸਮੂਹ ਸ੍ਰਿਸ਼ਟੀ ਵਿਚ ਵੱਸਦੀ ਹੈ। ਉਹ ਇਸ ਦਾ ਜ਼ਿਕਰ ਵੀ ਕਰਦੇ ਹਨ ਕਿ ਕਿ ਮਾਸ, ਮਾਸ ਤੋਂ ਹੀ ਪੈਦਾ ਹੁੰਦਾ ਹੈ ਅਤੇ ਸਭ ਸੰਬੰਧ ਮਾਸ ਰਾਹੀਂ ਬਣਦੇ ਹਨ। ਗੁਰੂ ਨਾਨਕ ਇਸ ਵਿਰੋਧਾਭਾਸ਼ ਦਾ ਉਪਯੋਗ ਜੀਵਨ ਦੀ ਪ੍ਰਕਿਰਤੀ, ਪਾਖੰਡਵਾਦੀ ਧਾਰਮਿਕ ਹਠਧਰਮਤਾ ਅਤੇ ਸ੍ਰਿਸ਼ਟੀ ਦੀ ਸਰਵ-ਵਿਆਪਕਤਾ ਦੇ ਸਚ ਨੂੰ ਉਜਾਗਰ ਕਰਨ ਲਈ ਕਿਵੇਂ ਕਰਦੇ ਹਨ?

### ੪. ਗੁਰੂ ਨਾਨਕ ਦਾ ਭੈ ਦੇ ਸੰਬੰਧ ਵਿਚ ਦਰਸ਼ਨੀ ਦ੍ਰਿਸ਼ਟੀਕੋਣ ਕੀ ਹੈ, ਅਤੇ ਇਹ ਉਨ੍ਹਾਂ ਦੀ ਸ੍ਰਿਸ਼ਟੀ ਪ੍ਰਤੀ ਧਾਰਣਾ ਨਾਲ ਕਿਵੇਂ ਜੁੜਦਾ ਹੈ?

ਇਸ ਐਪੀਸੋਡ ਵਿਚ ਗੁਰੂ ਨਾਨਕ ਇਸ ਵਿਸ਼ਵਾਸ ਨੂੰ ਪੇਸ਼ ਕਰਦੇ ਹਨ ਕਿ ਸ੍ਰਿਸ਼ਟੀ ਦਾ ਪਾਲਣ ਕਰਨ ਵਾਲੀ ਸਤਾ ਜੋ ਨਿਰਾਕਾਰ, ਨਿਰਭੈ, ਸਰਬਵਿਆਪੀ ਹੈ, ਉਹੀ ਸਚ ਹੈ। ਫਿਰ ਇਸ ਦੀ ਵਿਆਖਿਆ ਕੀਤੀ ਗਈ ਹੈ ਕਿ ਭੈ ਸਾਨੂੰ ਜੀਵਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਤੋਂ ਰੋਕਦਾ ਹੈ। ਸਿਰਫ਼ ਬੁਰਾ ਕਰਮ ਕਰਨ ਦਾ ਭੈ ਹੀ ਹਕੀਕਤ ਹੈ। ਹੋਰ ਸਭ ਡਰ ਝੂਠੇ ਹਨ। ਗ੍ਰਹ, ਤਾਰੇ ਅਤੇ ਬ੍ਰਹਮੰਡ ਸਿਰਜਨਹਾਰ ਦੀ ਰਚਨਾ ਹੋਣ ਕਰਕੇ ਹਾਨੀਕਾਰਕ ਨਹੀਂ ਹਨ। ਸਾਡੇ ਗਲਤ ਵਿਚਾਰ ਅਤੇ ਕਰਮ ਹੀ ਵਿਨਾਸ਼ਕਾਰੀ ਹੁੰਦੇ ਹਨ। ਨਿਰਭੈਤਾ ਦੀ ਇਹ ਸੂਝ ਗੁਰੂ ਨਾਨਕ ਦੇ ਕਾਇਨਾਤੀ ਦ੍ਰਿਸ਼ਟੀਕੋਣ ਨਾਲ ਕਿਵੇਂ ਜੁੜਦੀ ਹੈ, ਅਤੇ ਗ੍ਰਹਣ ਨਾਲ ਜੁੜੇ ਅੰਧਵਿਸ਼ਵਾਸਾਂ ਦੀ ਕਿਵੇਂ ਆਲੋਚਨਾ ਕਰਦੀ ਹੈ?

### ੫. ਗੁਰੂ ਨਾਨਕ ਸ਼ੁੱਧੀਕਰਨ ਦੀ ਅਵਧਾਰਨਾ ਨੂੰ ਅੰਤਰੀਵੀ ਪਰਿਵਰਤਨ ਨਾਲ ਜੋੜਦੇ ਹੋਏ ਇਸ ਨੂੰ ਕਿਵੇਂ ਪੁਨਰ ਪਰਿਭਾਸ਼ਿਤ ਕਰਦੇ ਹਨ?

ਹਰਿਦੁਆਰ ਵਿਖੇ ਕਰਮਕਾਂਡੀ ਇਸ਼ਨਾਨ ਨੂੰ ਵੇਖਦੇ ਹੋਏ, ਗੁਰੂ ਨਾਨਕ ਇਸ ਪ੍ਰਥਾਇ ਆਪਣਾ ਸੂਝ ਭਰਪੂਰ ਪੱਖ ਪੇਸ਼ ਕਰਦੇ ਹਨ ਕਿ ਝੂਠੀ ਮਨੋਬਿਰਤੀ ਨੀਵੀਂ ਜਾਤ ਨਾਲ ਸੰਬੰਧ ਰੱਖਣ ਵਾਲੀ ਔਰਤ ਦੀ ਤਰ੍ਹਾਂ ਹੈ, ਨਿਰਦਯਤਾ ਇਕ ਕਸਾਈ, ਨਿੰਦਾ ਇਕ ਭੰਗੀ ਅਤੇ ਛਲ ਇਕ ਚੁੜੈਲ ਦੇ ਤੁਲ ਹੈ। ਜਦ ਤਕ ਇਹ ਚਾਰ ਵਿਕਾਰ ਅੰਦਰ ਵੱਸਦੇ ਹਨ, ਤਦ ਤਕ ਰਸਮੀ ਮਰਿਯਾਦਾ ਪਾਲਣ ਕਰਨ ਦਾ ਕੀ ਲਾਭ? ਇਮਾਨਦਾਰੀ ਨੂੰ ਅਨੁਸ਼ਾਸਨ, ਚੰਗੇ ਕਰਮਾਂ ਨੂੰ ਰਸਮੀ ਵਿਵਹਾਰ, ਅਤੇ

ਜਾਗਰੂਕਤਾ ਨੂੰ ਪਵਿੱਤਰ ਇਸ਼ਨਾਨ ਦੀ ਤਰ੍ਹਾਂ ਅਪਣਾਓ। ਐਪੀਸੋਡ ਦਾ ਇਹ ਭਾਗ ਪੇਸ਼ ਕਰਦਾ ਹੈ, ਕਿ ਗੁਰੂ ਨਾਨਕ ਦਾ ਗੂੜ੍ਹ ਸੰਦੇਸ਼ ਇਮਾਨਦਾਰੀ ਤੋਂ ਰਹਿਤ ਰਵਾਇਤੀ ਅਭਿਆਸਾਂ ਦੀ ਵਕਾਲਤ ਨਹੀਂ ਕਰਦਾ ਸੀ, ਸਗੋਂ ਇਹ ਦਇਆ ਅੰਦਰ ਵਸਾਉਣ ਅਤੇ ਵਿਵਹਾਰ ਵਿਚ ਲਿਆਉਣ ਬਾਰੇ ਸੀ। ਇਹ ਸੰਕਲਪ ਬਾਹਰੀ ਰਸਮਾਂ ਤੋਂ ਅੰਦਰੂਨੀ ਨੈਤਿਕ ਵਿਕਾਸ ਵੱਲ ਰੂਹਾਨੀ ਸੂਝ ਨੂੰ ਕਿਵੇਂ ਮੁੜ ਸੁਰਜੀਤ ਕਰਦਾ ਹੈ?

**੬. ਗੁਰੂ ਨਾਨਕ ਸਚੀ ਅਗਵਾਈ ਬਾਰੇ ਅਤੇ ਧੋਖੇਦਾਰ ਰੂਹਾਨੀ ਆਗੂਆਂ ਦੁਆਰਾ ਕੁਰਾਹੇ ਪਾਉਣ ਦੇ ਖ਼ਤਰਿਆਂ ਬਾਰੇ ਕੀ ਬਿਆਨ ਕਰਦੇ ਹਨ?**

ਪਿਹੋਵਾ ਵਿਚ, ਜਦ ਗੁਰੂ ਨਾਨਕ ਨੇ ਦੇਖਿਆ ਕਿ ਮਾਸੂਮ ਲੋਕ ਮੁਕਤੀ ਦੀ ਆਸ ਵਿਚ ਪੁਜਾਰੀ ਵਰਗ ਵਲੋਂ ਪ੍ਰਭਾਵਿਤ ਅਤੇ ਗੁੰਮਰਾਹ ਕੀਤੇ ਜਾ ਰਹੇ ਹਨ, ਤਾਂ ਉਨ੍ਹਾਂ ਨੇ ਇਕ ਸੱਚੇ ਰਹਿਬਰ ਦੇ ਗੁਣਾਂ ਬਾਰੇ ਚਾਨਣਾ ਪਾਇਆ। ਇਕ ਸਨਮਾਨਯੋਗ ਰਹਿਬਰ, ਜਿਸ ਵਿਚ ਸਕਾਰਾਤਮਕ ਗੁਣ ਜੋ ਦੈਵੀਤਵ ਦਾ ਸੁਮੇਲ ਹੋਣ ਸਮਾਜ ਨੂੰ ਉਪਰ ਚੁਕਣ ਦੀ ਸਮਰਥਾ ਰੱਖਦਾ ਹੈ। ਪਰ ਇਕ ਦਿਸ਼ਾਹੀਣ ਰਹਿਬਰ ਆਲੋਚਨਾਤਮਕ ਸੋਚ ਦਾ ਵਿਰੋਧ ਕਰਦਾ ਹੈ, ਮਾਸੂਮਾਂ ਨੂੰ ਗੁੰਮਰਾਹ ਕਰ ਸਮਾਜਿਕ ਅਤੇ ਰਾਜਨੀਤਿਕ ਅਸਥਿਰਤਾ ਪੈਦਾ ਕਰਦਾ ਹੈ। ਗੁਰੂ ਨਾਨਕ ਸਚੀ ਅਗਵਾਈ ਦੀਆਂ ਕਿਹੜੀਆਂ ਵਿਸ਼ੇਸ਼ਤਾਵਾਂ ਦੱਸਦੇ ਹਨ, ਅਤੇ ਰੂਹਾਨੀ ਰਹਿਬਰਾਂ ਉਪਰ ਉਹ ਕਿਹੜੀਆਂ ਜ਼ਿੰਮੇਵਾਰੀਆਂ ਪਾਉਂਦੇ ਹਨ?

**੭. ਆਤਮ-ਪਹਿਚਾਣ ਸੰਬੰਧੀ ਗੁਰੂ ਨਾਨਕ ਦੀ ਦਾਰਸ਼ਨਿਕ ਅੰਤਰਦ੍ਰਿਸ਼ਟੀ ਰੂਹਾਨੀ ਜਾਗਰਣ ਨਾਲ ਕਿਵੇਂ ਜੁੜਦੀ ਹੈ?**

ਇਹ ਐਪੀਸੋਡ ਗੁਰੂ ਨਾਨਕ ਦੇ ਪਾਵਨ ਸਬਦ ਰਾਹੀਂ ਇਹ ਪੇਸ਼ ਕਰਦਾ ਹੈ: ਸਚੇ ਬਿਬੇਕ ਰਾਹੀਂ ਆਪਣੇ ਆਪ ਨੂੰ ਪਛਾਣ ਕੇ, ਮਨੁੱਖ ਸਚ ਵਿੱਚ ਲੀਨ ਹੋ ਜਾਂਦਾ ਹੈ। ਇਕ ਹੋਰ ਸ਼ਬਦ ਵਿਚ ਉਹ ਕਹਿੰਦੇ ਹਨ ਕਿ ਸਰਵਵਿਆਪੀ ਊਰਜਾ ਅਕਥ, ਅਨੰਤ, ਅਸੀਮ ਅਤੇ ਸਤਿ ਹੈ। ਇਸ ਨੂੰ ਕੇਵਲ ਆਤਮ-ਅਹੰਕਾਰ ਛੱਡਣ 'ਤੇ ਹੀ ਅਨੁਭਵ ਕੀਤਾ ਜਾ ਸਕਦਾ ਹੈ। ਜਦੋਂ ਹੰਕਾਰਮਈ ਮੋਹ ਅਤੇ ਲੋਭ ਸੜਦੇ ਹਨ, ਤਾਂ ਗਿਆਨ ਅਸੰਤੋਖ ਦੀ ਮਲੀਨਤਾ ਨੂੰ ਦੂਰ ਕਰਦਾ ਹੈ। ਬ੍ਰਿਤਾਂਤਕਾਰ ਵਿਚਾਰਦਾ ਹੈ ਕਿ ਅਸੀਂ ਆਪਣੇ ਅੰਦਰ ਬਿਬੇਕ ਦੀ ਸੁਗੰਧ ਨਾਲ ਕ੍ਰਿਤਾਰਥ ਹੋਏ ਪਏ ਹਾਂ, ਫਿਰ ਵੀ, ਕਸਤੂਰੀ ਮ੍ਰਿਗ ਦੀ ਵਿਅਰਥ ਭਟਕਣਾ ਵਾਂਗ, ਅਸੀਂ ਇਸ ਅੰਤਰਨਿਹਿਤ ਸੁਗੰਧ ਨੂੰ ਬਾਹਰ

ਭਾਲਦੇ ਰਹਿੰਦੇ ਹਾਂ। ਇਹ ਧਾਰਨਾ ਆਤਮ-ਪਹਿਚਾਣ ਅਤੇ ਅੰਤਰੀਵੀ ਗਿਆਨ ਉਪਰ ਕਿਵੇਂ ਜ਼ੋਰ ਦਿੰਦਾ ਹੈ ਜੋ ਸੰਗਤੀ ਧਾਰਮਿਕ ਫੋਕੇ ਕਰਮਕਾਂਡਾ ਅਤੇ ਬਾਹਰੀ ਰਸਮਾਂ ਰਾਹੀਂ ਦਿਵਯਤਾ ਦੀ ਭਾਲ ਨੂੰ ਚੁਣੌਤੀ ਦਿੰਦੇ ਹੈ?

**੮. ਜੀਵਨ ਦੇ ਮੁੱਲ, ਇਹਨਾਂ ਨੂੰ ਸਰਵੋਤਮ ਢੰਗ ਨਾਲ ਜੀਉਣ ਅਤੇ ਸਹੀ ਢੰਗ ਨਾਲ ਨਾ ਮਾਨਣ ਦੇ ਨਤੀਜਿਆਂ ਬਾਰੇ ਗੁਰੂ ਨਾਨਕ ਕੀ ਸੰਕੇਤ ਦਿੰਦੇ ਹਨ?**

ਐਪੀਸੋਡ ਦਾ ਅੰਤ ਗੁਰੂ ਨਾਨਕ ਦੇ ਇਨ੍ਹਾਂ ਸ਼ਬਦਾਂ ਰਾਹੀਂ ਹੁੰਦਾ ਹੈ ਜਿਸ ਦਾ ਭਾਵ ਹੈ ਕਿ ਰਾਤਾਂ ਸੋਣ ਵਿਚ ਵਿਅਰਥ ਅਤੇ ਦਿਨ ਖਾਣ ਵਿਚ ਨਸ਼ਟ ਹੋ ਜਾਂਦੇ ਹਨ। ਮਨੁਖੀ ਜੀਵਨ ਇਕ ਕੀਮਤੀ ਰਤਨ ਹੈ, ਜੋ ਤੁਛ ਪਦਾਰਥਕ ਖੁਸ਼ੀਆਂ ਦੇ ਬਦਲੇ ਵਿਅਰਥ ਹੋ ਰਿਹਾ ਹੈ। ਇਸ ਤੋਂ ਬਾਅਦ, ਬ੍ਰਿਤਾਂਤਕਾਰ ਆਪਣਾ ਨਜ਼ਰੀਆ ਪੇਸ਼ ਕਰਦਾ ਹੈ ਕਿ ਗੁਰੂ ਨਾਨਕ ਨੇ ਵਿਲੱਖਣ ਬਿੰਬ ਰਾਹੀਂ ਗਹਿਰੀ ਦਾਰਸ਼ਨਿਕ ਗੱਲ ਬਿਆਨ ਕੀਤੀ ਹੈ ਕਿ ਅਗਿਆਨ ਦੀ ਨੀਂਦ, ਜੋ ਲੋਕਾਂ ਨੂੰ ਫੋਕੀਆਂ ਰਸਮਾਂ ਵਿਚ ਫਸਾਈ ਰੱਖਦੀ ਹੈ। ਸਦੀਆਂ ਬੀਤ ਗਈਆਂ, ਫਿਰ ਵੀ ਅਸੀਂ ਗੂੜੀ ਨੀਂਦ ਵਿਚ ਸੁਤੇ ਪਏ ਹੋਏ ਹਾਂ! ਇਹ ਪੜਚੋਲ ਲੋਕਾਂ ਨੂੰ ਅਗਿਆਨਤਾ ਤੋਂ ਜਾਗਰੂਕ ਹੋਣ ਬਾਰੇ ਕਿਵੇਂ ਚੁਣੋਤੀ ਦਿੰਦੀ ਹੈ? ਉਹ ਅਸਤਿਤਵ ਦੇ ਮੁੱਲ ਨੂੰ ਪਛਾਣਣ ਅਤੇ ਆਪਣੀ ਊਰਜਾ ਨੂੰ ਸਰਵੋਤਮ ਰੂਹਾਨੀ ਵਿਕਾਸ ਦੀ ਦਿਸ਼ਾ ਵਿਚ ਲਗਾਉਣ ਲਈ ਕਿਸ ਤਰ੍ਹਾਂ ਸੁਚੇਤ ਹੋ ਸਕਦੇ ਹਨ?